Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 207 30/12/2025 www.samajweekly.com samajweekly @samajweekly samajweekly

# ਲਾਪਤਾ ਸਰੂਪ ਮਾਮਲਾ: ਸ਼੍ਰੋਮਣੀ ਕਮੇਟੀ ਲਾਪਤਾ ਸਰੂਪਾਂ ਦੀ ਜਾਂਚ ਵਿੱਚ ਸਹਿਯੋਗ ਕਰੇ: ਭਗਵੰਤ ਮਾਨ

**ਸਿੱਖ ਸੰਸਥਾਵਾਂ ਦੀ ਮੰਗ ’ਤੇ ਲਾਪਤਾ ਸਰੂਪਾਂ ਦੇ ਮਾਮਲੇ ਵਿੱਚ ਕੀਤਾ ਕੇਸ ਦਰਜ; ਅਕਾਲੀ ਦਲ ’ਤੇ ਸ਼੍ਰੋਮਣੀ ਕਮੇਟੀ ਨੂੰ ਆਪਣੇ ਕੰਮਾਂ ਲਈ ਅਕਾਲ ਤਖ਼ਤ ਸਾਹਿਬ ਤੇ ਪੰਥ ਨੂੰ ਢਾਲ ਵਜੋਂ ਵਰਤਣ ਦੇ ਦੋਸ਼**

**ਚੰਡੀਗੜ੍ਹ।** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜ ਸਿੰਘ ਸਾਹਿਬਾਨ ਵੱਲੋਂ ਸੂਬਾ ਸਰਕਾਰ ਨੂੰ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਨਾ ਦੇਣ ਸਬੰਧੀ ਵਰਜਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਘੇਰਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ 328 ਲਾਪਤਾ ਹੋਏ ਸਰੂਪਾਂ ਦੇ ਮਾਮਲੇ ਵਿੱਚ ਕਾਰਵਾਈ ਨਾ ਹੋਣ ਕਾਰਨ ਸਿੱਖ ਸੰਗਤ ਵਿੱਚ ਡੂੰਘਾ ਗੁੱਸਾ ਵਿਖਾਈ ਦੇ ਰਿਹਾ ਹੈ। ਇਸੇ ਕਰਕੇ ਪੰਜਾਬ ਸਰਕਾਰ ਵੱਲੋਂ ਸਿੱਖ ਸੰਸਥਾਵਾਂ ਦੀ ਮੰਗ ’ਤੇ ਲਾਪਤਾ ਸਰੂਪਾਂ ਦੇ ਮਾਮਲੇ ਵਿੱਚ ਕੇਸ ਦਰਜ ਕਰਕੇ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਲਾਪਤਾ ਸਰੂਪਾਂ ਦੇ ਮਾਮਲੇ ਵਿੱਚ ਜਾਂਚ ਟੀਮ ਨੂੰ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਕਿ ਦੋਸ਼ੀਆਂ ਨੂੰ ਬਣਦੀ ਸਜ਼ਾਵਾਂ ਦਿੱਤੀਆਂ ਜਾ ਸਕਣ।



ਭਗਵੰਤ ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਮੁਖੀ ਨੇ ਮੰਨਿਆ ਹੈ ਕਿ ਸ਼੍ਰੋਮਣੀ ਕਮੇਟੀ ਵਿੱਚ ਰੋਜ਼ਾਨਾ 10-12 ਘੁਟਾਲੇ ਹੁੰਦੇ ਹਨ, ਜੋ ਦਰਸਾਉਂਦੇ ਹਨ ਕਿ ਸ਼ਰਧਾਲੂਆਂ ਦੁਆਰਾ ਚੜ੍ਹਾਏ ਗਏ ਗੋਲਕ ਦੇ ਪੈਸੇ ਦੀ ਦੁਰਵਰਤੋਂ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਨੇ 2020 ਦੌਰਾਨ ਆਪਣੀ ਮੀਟਿੰਗ ਵਿੱਚ ਕਮੇਟੀ ਦੇ ਦੋਸ਼ੀ ਕਰਮਚਾਰੀਆਂ ਵਿਰੁੱਧ ਇਸੇ ਮਾਮਲੇ ਵਿੱਚ ਸਖਤ ਕਾਰਵਾਈ ਕਰਨ ਦਾ ਮਤਾ ਪਾਸ ਕੀਤਾ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਸਿੱਧੀ ਚੁਣੌਤੀ ਦਿੰਦੇ ਹੋਏ ਕਿਹਾ ਕਿ ਉਸ ਵਲੋਂ ਆਪਣੇ ਗਲਤ ਕੰਮਾਂ ਦੀ ਜਵਾਬਦੇਹੀ ਤੋਂ ਬਚਣ ਲਈ ਸ੍ਰੀ ਅਕਾਲ ਤਖਤ ਸਾਹਿਬ ਅਤੇ ਪੰਥ ਵਰਗੀਆਂ ਪਵਿੱਤਰ ਸੰਸਥਾਵਾਂ ਨੂੰ ਢਾਲ ਵਜੋਂ ਵਰਤਿਆ ਜਾ ਰਿਹਾ ਹੈ।

## ਲਾਪਤਾ ਪਾਵਨ ਸਰੂਪ ਮਾਮਲਾ: ਮੁੱਖ ਮੰਤਰੀ ਸੰਗਤ ਨੂੰ ਗੁੰਮਰਾਹ ਕਰ ਰਹੇ ਹਨ: ਧਾਮੀ

**ਅੰਮ੍ਰਿਤਸਰ।** ਪਾਵਨ ਸਰੂਪ ਮਾਮਲੇ ਵਿੱਚ ਪੰਜ ਸਿੰਘ ਸਾਹਿਬਾਨ ਵੱਲੋਂ ਮੌਜੂਦਾ ਆਪ ਸਰਕਾਰ ਨੂੰ ਤਾੜਨਾ ਕੀਤੇ ਜਾਣ ਤੋਂ ਬਾਅਦ ਇਹ ਮਾਮਲਾ ਹੋਰ ਭਖਣ ਲੱਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਮਾਮਲੇ ਵਿੱਚ ਲਾਏ ਗਏ ਦੋਸ਼ਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਇਸ ਮਾਮਲੇ ਸਬੰਧੀ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।ਦੱਸਣਯੋਗ ਹੈ ਕਿ ਬੀਤੇ ਕੱਲ੍ਹ ਪੰਜ ਸਿੰਘ ਸਾਹਿਬਾਨ ਵੱਲੋਂ ਕੀਤੀ ਗਈ ਇਕੱਤਰਤਾ ਦੌਰਾਨ ਇਹ ਮਾਮਲਾ ਵਿਚਾਰਿਆ ਗਿਆ ਸੀ ਜਿਸ ਵਿੱਚ ਪੰਜ ਸਿੰਘ ਸਾਹਿਬਾਨ ਵੱਲੋਂ ਇੱਕ ਮਤਾ ਪਾਸ ਕਰਕੇ ਆਦੇਸ਼ ਕੀਤਾ ਗਿਆ ਸੀ ਕਿ ਮੌਜੂਦਾ ਸਰਕਾਰ ਅਤੇ ਹਾਕਮ ਧਿਰ ਸਿੱਖਾਂ ਦੇ ਇਸ ਅੰਦਰੂਨੀ ਮਾਮਲੇ ਵਿੱਚ ਦਖਲਅੰਦਾਜ਼ੀ ਨਾ ਕਰੇ। ਦੱਸਣਯੋਗ ਹੈ ਕਿ ਇਸ ਮਾਮਲੇ ਵਿੱਚ ਸਰਕਾਰ ਦੇ ਆਦੇਸ਼ ’ਤੇ ਸਥਾਨਕ ਪੁਲੀਸ ਵੱਲੋਂ ਸੱਤ ਦਸੰਬਰ ਨੂੰ ਪੁਲੀਸ ਕੇਸ ਦਰਜ ਕੀਤਾ ਗਿਆ ਸੀ ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਤੇ ਮੌਜੂਦਾ ਕਰਮਚਾਰੀਆਂ ਸਮੇਤ 16 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ। ਇਸ ਮਗਰੋਂ ਪੁਲੀਸ ਵੱਲੋਂ ਇਸ ਮਾਮਲੇ ਵਿੱਚ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ ਦਾ ਵੀ ਗਠਨ ਕੀਤਾ ਗਿਆ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੇ ਮਾਮਲੇ ਨੂੰ ਉਹ ਤੱਥਾਂ ਸਹਿਤ ਜਾਣਕਾਰੀ ਭਲਕੇ ਸੰਗਤ ਸਾਹਮਣੇ ਰੱਖਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਉਹ ਭਲਕੇ 30 ਦਸੰਬਰ ਨੂੰ ਦੁਪਹਿਰ 12 ਵਜੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਚ ਮੀਡੀਆ ਨੂੰ ਸੰਬੋਧਨ ਹੋਣਗੇ ਅਤੇ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਹਰ ਕਾਰਵਾਈ ਨੂੰ ਤੱਥਾਂ ਸਹਿਤ ਸੰਗਤਾਂ ਦੇ ਸਨਮੁਖ ਰੱਖਣਗੇ। ਉਨ੍ਹਾਂ ਸੰਗਤ ਨੂੰ ਇਸ ਮਾਮਲੇ ’ਤੇ ਕੀਤੀ ਜਾ ਰਹੀ ਸਿਆਸਤ ਤੋਂ ਸੁਚੇਤ ਰਹਿਣ ਦੀ ਅਪੀਲ ਵੀ ਕੀਤੀ।

## ਹਿਮਾਚਲ ਵਿੱਚ ਨਵੇਂ ਸਾਲ ਮੌਕੇ ਬਰਫ਼ਬਾਰੀ ਦੀ ਸੰਭਾਵਨਾ, ਪੰਜਾਬ ਤੇ ਚੰਡੀਗੜ੍ਹ ਵਿਚ ਪੈ ਸਕਦਾ ਹੈ ਮੀਂਹ

**ਸ਼ਿਮਲਾ/ਚੰਡੀਗੜ੍ਹ**

ਮੌਸਮ ਵਿਭਾਗ ਨੇ ਪੇਸ਼ੀਨਗੋਈ ਕੀਤੀ ਹੈ ਕਿ ਹਿਮਾਚਲ ਪ੍ਰਦੇਸ਼ ਦੇ ਕਈ ਹਿੱਸਿਆਂ ਵਿਚ ਨਵੇਂ ਸਾਲ ਦੌਰਾਨ ਬਰਫ਼ਬਾਰੀ ਹੋ ਸਕਦੀ ਹੈ ਤੇ ਸੂਬੇ ਵਿਚ ਕਈ ਥਾਈਂ ਮੀਂਹ ਪਵੇਗਾ। ਮੌਸਮ ਵਿਭਾਗ ਨੇ ਕਿਹਾ ਕਿ ਪੱਛਮੀ ਗੜਬੜੀ ਕਾਰਨ 30 ਦਸੰਬਰ ਤੋਂ 2 ਜਨਵਰੀ ਤੱਕ ਮੌਸਮ ਬਦਲੇਗਾ। 31 ਦਸੰਬਰ ਤੇ 1 ਜਨਵਰੀ ਨੂੰ ਸ਼ਿਮਲਾ, ਕੁਫ਼ਰੀ, ਨਾਰਕੰਡਾ, ਮਨਾਲੀ, ਧਰਮਸ਼ਾਲਾ, ਡਲਹੌਜ਼ੀ, ਕੁੱਲੂ ਤੇ ਲਾਹੌਲ-ਸਪਿਤੀ ਦੇ ਰੋਹਤਾਂਗ ਖੇਤਰ ਸਮੇਤ ਕਈ ਥਾਵਾਂ ’ਤੇ ਬਰਫ਼ਬਾਰੀ ਦੀ ਸੰਭਾਵਨਾ ਹੈ। ਦੂਜੇ ਪਾਸੇ ਨਵੇਂ ਸਾਲ ਮੌਕੇ ਪੰਜਾਬ ਤੇ ਚੰਡੀਗੜ੍ਹ ਵਿਚ ਮੀਂਹ ਪੈਣ ਦੀ ਸੰਭਾਵਨਾ ਹੈ ਤੇ ਅੱਜ ਪੰਜਾਬ ਤੇ ਹਰਿਆਣਾ ਵਿੱਚ ਸੰਘਣੀ



ਧੁੰਦ ਅਤੇ ਕੜਾਕੇ ਦੀ ਠੰਢ ਪਈ ਜਿਸ ਕਾਰਨ ਆਮ ਜਨ ਜੀਵਨ ਪ੍ਰਭਾਵਿਤ ਹੋਇਆ। ਪੰਜਾਬ ਦਾ ਨਵਾਂਸ਼ਹਿਰ ਅਤੇ ਹਰਿਆਣਾ ਦਾ ਹਿਸਾਰ ਸਭ ਤੋਂ ਠੰਢੇ ਸ਼ਹਿਰ ਰਹੇ। ਨਵਾਂਸ਼ਹਿਰ ਵਿੱਚ ਘੱਟ ਤੋਂ ਘੱਟ ਤਾਪਮਾਨ 2.4 ਡਿਗਰੀ ਸੈਲਸੀਅਸ ਅਤੇ ਹਿਸਾਰ ਵਿੱਚ 2.1 ਡਿਗਰੀ ਸੈਲਸੀਅਸ ਦਰਜ ਕੀਤਾ ਹੈ।

# ਅਰਾਵਲੀ ਪਹਾੜੀਆਂ ਤੇ ਸੁਪਰੀਮ ਕੋਰਟ ਨੇ ਕੇਂਦਰ ਅਤੇ ਰਾਜਾਂ ਨੂੰ ਜਾਰੀ ਕੀਤਾ ਨੋਟਿਸ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਅਰਾਵਲੀ ਪਹਾੜੀਆਂ ਅਤੇ ਪਹਾੜੀ ਸ਼੍ਰੇਣੀਆਂ ਦੀ ਪਰਿਭਾਸ਼ਾ ਵਿੱਚ ਬਦਲਾਅ ਨਾਲ ਸਬੰਧਤ ਵਿਵਾਦ ਦਾ ਸਖ਼ਤ ਨੋਟਿਸ ਲਿਆ ਹੈ। ਅਦਾਲਤ ਨੇ ਇਸ ਮਾਮਲੇ ਵਿੱਚ ਕੇਂਦਰ ਸਰਕਾਰ ਅਤੇ ਸਬੰਧਤ ਰਾਜ ਸਰਕਾਰਾਂ ਨੂੰ ਨੋਟਿਸ ਜਾਰੀ ਕਰਦਿਆਂ ਕੁਝ ਅਹਿਮ ਨੁਕਤਿਆਂ ਤੇ ਸਪੱਸ਼ਟੀਕਰਨ ਦੀ ਮੰਗ ਕੀਤੀ ਹੈ। ਸੁਪਰੀਮ ਕੋਰਟ ਨੇ ਇੱਕ ਵੱਡਾ ਕਦਮ ਚੁੱਕਦਿਆਂ ਆਪਣੇ ਹੀ 20 ਨਵੰਬਰ, 2025 ਦੇ ਫੈਸਲੇ ਅਤੇ ਮਾਈਨਿੰਗ ਰੈਗੂਲੇਸ਼ਨ ਕਮੇਟੀ ਦੀਆਂ ਸਿਫ਼ਾਰਸ਼ਾਂ ਤੇ ਅਗਲੇ ਹੁਕਮਾਂ ਤੱਕ ਰੋਕ ਲਗਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਨਵੰਬਰ ਵਿੱਚ ਅਦਾਲਤ ਨੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੀ ਕਮੇਟੀ ਵੱਲੋਂ ਸੁਝਾਈ ਗਈ ਨਵੀਂ ਪਰਿਭਾਸ਼ਾ ਨੂੰ ਪ੍ਰਵਾਨਗੀ ਦਿੱਤੀ ਸੀ, ਜਿਸ ਨੂੰ ਲੈ ਕੇ ਹੁਣ ਮੁੜ ਵਿਚਾਰ ਕੀਤਾ ਜਾ ਰਿਹਾ ਹੈ। ਇਸ ਸੰਵੇਦਨਸ਼ੀਲ ਮਾਮਲੇ ਦੀ ਸੁਣਵਾਈ ਲਈ ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੇ.ਕੇ. ਮਹੇਸ਼ਵਰੀ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੀ ਤਿੰਨ ਜੱਜਾਂ ਵਾਲੀ ਵਿਸ਼ੇਸ਼ ਬੈਂਚ ਦਾ ਗਠਨ ਕੀਤਾ ਗਿਆ ਹੈ। ਕੇਸ ਨੂੰ ਅਰਾਵਲੀ ਪਹਾੜੀਆਂ



ਅਤੇ ਪਹਾੜੀ ਸ਼੍ਰੇਣੀਆਂ ਦੀ ਪਰਿਭਾਸ਼ਾ ਅਤੇ ਸੰਬੰਧਿਤ ਮੁੱਦਿਆਂ ਦੇ ਸਿਰਲੇਖ ਹੇਠ ਸੂਚੀਬੱਧ ਕੀਤਾ ਗਿਆ ਹੈ। ਅਰਾਵਲੀ ਖੇਤਰ ਵਿੱਚ ਮਾਈਨਿੰਗ ਅਤੇ ਵਾਤਾਵਰਣ ਦੀ ਸੁਰੱਖਿਆ ਲਈ ਪਹਾੜੀਆਂ ਦੀ ਸਹੀ ਪਰਿਭਾਸ਼ਾ ਤੈਅ ਕਰਨਾ ਇੱਕ ਵੱਡੀ ਚੁਣੌਤੀ ਰਿਹਾ ਹੈ। ਅਦਾਲਤ ਨੇ ਪਰਿਭਾਸ਼ਾ ਵਿੱਚ ਤਬਦੀਲੀ ਨਾਲ ਵਾਤਾਵਰਣ ਤੇ ਪੈਣ ਵਾਲੇ ਪ੍ਰਭਾਵਾਂ ਨੂੰ ਦੇਖਦੇ ਹੋਏ ਇਸ ਮਾਮਲੇ ਦਾ ਖ਼ੁਦ (ਸੂ ਮੋਟੋ) ਨੋਟਿਸ ਲਿਆ ਹੈ। ਸੁਪਰੀਮ ਕੋਰਟ ਹੁਣ ਇਸ ਗੁੰਝਲਦਾਰ ਮਾਮਲੇ ਦੀ ਵਿਸਤ੍ਰਿਤ ਸੁਣਵਾਈ 21 ਜਨਵਰੀ, 2026 ਨੂੰ ਕਰੇਗੀ।

## ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਦੇ ਘਰ ਬਾਹਰ ਗੋਲੀਬਾਰੀ

**ਮੋਰਿੰਡਾ।** ਮੋਰਿੰਡਾ ਵਿਖੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਕੋਠੀ ਦੇ ਸਾਹਮਣੇ ਅੱਜ ਕਾਰ ਦੇ ਲੈਣ ਦੇਣ ਦੇ ਮਾਮਲੇ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਬਹਿਸ ਹੋ ਗਈ। ਜਿਸ ਦੌਰਾਨ ਇੱਕ ਧਿਰ (ਕਾਰ ਵਿਕਰੇਤਾ) ਵੱਲੋਂ ਦੂਸਰੀ ਧਿਰ ਤੇ ਗੋਲੀ ਚਲਾ ਦਿੱਤੀ ਗਈ। ਪਰੰਤੂ ਗਨੀਮਤ ਇਹ ਰਹੀ ਕਿ ਕਿਸੇ ਦਾ ਜਾਨੀ ਨੁਕਸਾਨ ਨਹੀਂ ਹੋਇਆ। ਉਧਰ ਇਸ ਸਬੰਧੀ ਕਾਰ ਖਰੀਦਦਾਰ ਮੇਜਰ ਸਿੰਘ ਡੂਮਛੇੜੀ ਦੇ ਸਾਥੀ ਇਕਬ-ਾਲ ਸਿੰਘ ਡੂਮਛੇੜੀ ਨੇ ਦੱਸਿਆ ਕਿ ਉਹਨਾਂ ਨੂੰ ਪਿੰਡ ਢੋਲਣ ਮਾਜਰਾ ਦੇ ਇੱਕ ਵਿਅਕਤੀ ਵੱਲੋਂ ਗੱਡੀ ਦੀ ਕਾਗਜਾਂ ਸੰਬੰਧੀ ਚੰਨੀ ਦੀ ਕੋਠੀ ਦੇ ਅੱਗੇ ਬੁਲਾਇਆ ਗਿਆ ਸੀ। ਪਰੰਤੂ ਉਹਨਾਂ ਵਿੱਚ ਬਹਿਸ ਹੋ ਜਾਣ



ਕਾਰਨ ਉਕਤ ਵਿਅਕਤੀ ਨੇ ਪਿੰਡ ਬਡਵਾਲਾ ਦੇ ਕੁਲਵਿੰਦਰ ਸਿੰਘ ਕਾਲੀ ਉੱਤੇ ਗੋਲੀ ਚਲਾ ਦਿੱਤੀ ਪਰੰਤੂ ਉਸਦਾ ਬਚਾਓ ਰਿਹਾ। ਇਸ ਦੌਰਾਨ ਇਕਬ-ਾਲ ਸਿੰਘ ਡੂਮਛੇੜੀ ਅਤੇ ਹੋਰਨਾਂ ਨੇ ਉਸਨੂੰ ਗੋਲੀ ਚਲਾਉਣ ਵਾਲੇ ਨੂੰ ਪਕੜ ਲਿਆ ਅਤੇ ਪੁਲਿਸ ਨੂੰ ਬੁਲਾ ਕੇ ਉਸ ਦੇ ਹਵਾਲੇ ਕਰ ਦਿੱਤਾ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਸੁਪਰੀਮ ਕੋਰਟ ਵੱਲੋਂ ਦਿੱਲੀ ਹਾਈਕੋਰਟ ਦੇ ਹੁਕਮਾਂ ਤੇ ਰੋਕ, ਸੈਂਗਰ ਨੂੰ ਰਾਹਤ ਨਹੀਂ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਅੱਜ ਉਨਾਓ ਜਬਰ ਜਨਾਹ ਮਾਮਲੇ ਵਿੱਚ ਉੱਤਰ ਪ੍ਰਦੇਸ਼ ਦੇ ਸਾਬਕਾ ਵਿਧਾਇਕ ਕੁਲਦੀਪ ਸਿੰਘ ਸੈਂਗਰ ਨੂੰ ਦਿੱਤੀ ਗਈ ਜ਼ਮਾਨਤ ਤੇ ਰੋਕ ਲਗਾ ਦਿੱਤੀ ਹੈ ਅਤੇ ਦਿੱਲੀ ਹਾਈ ਕੋਰਟ ਦੇ ਪੁਰ-ਾਣੇ ਹੁਕਮਾਂ ਨੂੰ ਮੁਅੱਤਲ ਕਰ ਦਿੱਤਾ ਹੈ। ਸੀਬੀਆਈ ਵੱਲੋਂ ਦਾਇਰ ਪਟੀਸ਼ਨ ਤੇ ਕਾਰਵਾਈ ਕਰਦੇ ਹੋਏ ਅਦਾਲਤ ਨੇ ਸੈਂਗਰ ਨੂੰ ਨੋਟਿਸ ਜਾਰੀ ਕਰਕੇ ਇਸ ਮਾਮਲੇ ਤੇ ਜਵਾਬ ਮੰਗਿਆ ਹੈ। ਸੀਬੀਆਈ ਨੇ ਦਿੱਲੀ ਹਾਈ ਕੋਰਟ ਦੇ ਜ਼ਮਾਨਤ ਦੇ ਫੈਸਲੇ ਨੂੰ ਚੁਣੌਤੀ ਦਿੰਦੇ ਹੋਏ ਦਲੀਲ ਦਿੱਤੀ ਸੀ ਕਿ ਅਪਰਾਧ ਦੀ ਗੰਭੀਰਤਾ ਨੂੰ ਦੇਖਦੇ ਹੋਏ ਸੈਂਗਰ ਦੀ ਰਿਹਾਈ ਜਾਇਜ਼ ਨਹੀਂ ਹੈ। ਹਾਈ-ਪ੍ਰੋਫਾਈਲ ਉਨਾਓ ਜਬਰ ਜਨਾਹ ਕੇਸ ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਸੈਂਗਰ ਹੁਣ ਸੁਪਰੀਮ ਕੋਰਟ ਦੇ ਅਗਲੇ ਹੁਕਮਾਂ ਤੱਕ ਹਿਰਾਸਤ ਵਿੱਚ ਹੀ ਰਹੇਗਾ। ਇਹ ਮਾਮਲਾ ਅਪਰਾਧ ਦੀ ਪ੍ਰਕਿਰਤੀ ਅਤੇ ਰਾਜਨੀਤਿਕ ਪ੍ਰਭਾਵ ਦੀ ਦੁਰਵਰਤੋਂ ਦੇ ਦੋਸ਼ਾਂ ਕਾਰਨ ਦੇਸ਼ ਭਰ ਵਿੱਚ ਚਰਚਾ ਅਤੇ ਗੁੱਸੇ ਦਾ ਵਿਸ਼ਾ ਬਣਿਆ ਰਿਹਾ ਸੀ। ਜ਼ਿਕਰਯੋਗ ਹੈ ਕਿ ਇਹ ਮਾਮਲਾ ਸਾਲ 2017 ਦਾ ਹੈ, ਜਦੋਂ ਉਨਾਓ ਵਿੱਚ ਇੱਕ ਨਾਬਾਲਗ ਕੁੜੀ ਨਾਲ




ਜਬਰ ਜਨਾਹ ਦਾ ਮਾਮਲਾ ਸਾਹਮਣੇ ਆਇਆ। ਇਸ ਕੇਸ ਵਿੱਚ ਸੈਂਗਰ ਨੂੰ 2019 ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਸ ਤੇ ਪੀੜਤਾ ਦੇ ਪਿਤਾ ਦੀ ਹਿਰਾਸਤ ਵਿੱਚ ਹੋਈ ਮੌਤ ਅਤੇ ਪੀੜਤਾ ਦੇ ਪਰਿਵਾਰ ਨਾਲ ਵਾਪਰੇ ਸੜਕ ਹਾਦਸੇ ਵਰਗੇ ਕਈ ਹੋਰ ਗੰਭੀਰ ਦੋਸ਼ ਵੀ ਲੱਗੇ ਸਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## "ਅਸੀਂ ਦੋ ਭਗੌੜੇ ਹਾਂ, ਭਾਰਤ ਦੇ ਸਭ ਤੋਂ ਵੱਡੇ ਭਗੌੜੇ" ਲਲਿਤ ਮੋਦੀ ਨੇ ਆਪਣੀ ਵੀਡੀਓ ਬਾਰੇ ਮੰਗੀ ਮੁਆਫ਼ੀ

**ਚੰਡੀਗੜ੍ਹ।** ਆਈਪੀਐਲ ਦੇ ਸਾਬਕਾ ਚੇਅਰਮੈਨ ਲਲਿਤ ਮੋਦੀ ਨੇ ਸੋਸ਼ਲ ਮੀਡੀਆ 'ਤੇ ਆਪਣੀ ਇਕ ਤਾਜ਼ਾ ਵੀਡੀਓ ਕਾਰਨ ਖੜ੍ਹੇ ਹੋਏ ਵਿਵਾਦ ਤੋਂ ਬਾਅਦ ਜਨਤਕ ਤੌਰ 'ਤੇ ਮਾਫੀ ਮੰਗ ਲਈ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਵਿਜੇ ਮਾਲਿਆ ਦੇ ਜਨਮਦਿਨ ਮੌਕੇ ਸਾਹਮਣੇ ਆਈ ਇਕ ਵੀਡੀਓ ਵਿੱਚ ਮੋਦੀ ਨੇ ਆਪਣੇ ਆਪ ਨੂੰ ਅਤੇ ਮਾਲਿਆ ਨੂੰ ਭਾਰਤ ਦੇ "ਦੋ ਸਭ ਤੋਂ ਵੱਡੇ ਭਗੌੜੇ" ਦੱਸ ਕੇ ਭਾਰਤੀ ਕਾਨੂੰਨ ਦਾ ਮਜ਼ਾਕ ਉਡਾਇਆ ਸੀ। ਇਸ ਵੀਡੀਓ ਦੇ ਵਾਇਰਲ ਹੋਣ ਅਤੇ ਭਾਰੀ ਆਲੋਚਨਾ ਹੋਣ ਤੋਂ ਬਾਅਦ ਲਲਿਤ ਮੋਦੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ ਕਿ ਉਨ੍ਹਾਂ ਦਾ ਮਕਸਦ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਜਾਂ ਭਾਰਤ ਸਰਕਾਰ ਦਾ ਅਪਮਾਨ ਕਰਨਾ ਨਹੀਂ ਸੀ, ਜਿਸ ਦਾ ਉਹ ਬਹੁਤ



ਸਤਿਕਾਰ ਕਰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਬਿਆਨ ਦਾ ਗਲਤ ਮਤਲਬ ਕੱਢਿਆ ਗਿਆ ਹੈ। ਦੂਜੇ ਪਾਸੇ, ਸੋਸ਼ਲ ਮੀਡੀਆ ਯੂਜ਼ਰਸ ਨੇ ਇਸ ਮਾਫੀਨਾਮੇ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਕਈਆਂ ਨੇ ਲਿਖਿਆ ਕਿ ਜੇਕਰ ਉਹ ਸੱਚਮੁੱਚ ਕਾਨੂੰਨ ਦਾ ਸਤਿਕਾਰ ਕਰਦੇ ਹਨ ਤਾਂ ਉਨ੍ਹਾਂ ਨੂੰ ਭਾਰਤ ਵਾਪਸ ਆ ਕੇ ਅਦਾਲਤ ਵਿੱਚ ਇਹ ਗੱਲ ਕਹਿਣੀ ਚਾਹੀਦੀ ਹੈ। ਕੁਝ ਲੋਕਾਂ ਨੇ ਵਿਅੰਗ ਕਰਦਿਆਂ ਕਿਹਾ ਕਿ ਸ਼ਾਇਦ ਡਿਪੋਰਟ ਹੋਣ ਦੇ ਡਰ ਕਾਰਨ ਹੀ ਹੁਣ ਮਾਫੀ ਮੰਗੀ ਜਾ ਰਹੀ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਅਮਰੀਕਾ ਵਿੱਚ ਸੜਕ ਹਾਦਸੇ 'ਚ ਤਿਲੰਗਾਨਾ ਦੀਆਂ ਦੋ ਲੜਕੀਆਂ ਦੀ ਮੌਤ



**ਚੰਡੀਗੜ੍ਹ।** ਅਮਰੀਕਾ ਦੇ ਕੈਲੀਫੋਰਨੀਆ ਵਿੱਚ ਇੱਕ ਸੜਕ ਹਾਦਸੇ ਵਿੱਚ ਤਿਲੰਗਾਨਾ ਦੀਆਂ ਦੋ ਲੜਕੀਆਂ ਦੀ ਮੌਤ ਹੋ ਗਈ ਜਿਨ੍ਹਾਂ ਦੀ ਪਛਾਣ ਪੁਲਖੰਡਮ ਮੇਘਨਾ ਰਾਣੀ ਅਤੇ ਕਡਿਆਲਾ ਭਾਵਨਾ ਵਜੋਂ ਹੋਈ। ਇਹ ਦੋਵੇਂ 24 ਸਾਲ ਦੀਆਂ ਸਨ ਜੋ ਅਮਰੀਕਾ ਵਿੱਚ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਗਈਆਂ ਸਨ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਉਹ ਆਪਣੇ ਦੋਸਤਾਂ ਨਾਲ ਕਿਸੇ ਥਾਂ ਤੋਂ ਵਾਪਸ ਆ ਰਹੀਆਂ ਸਨ। ਇਸ ਘਟਨਾ ਨੇ ਉਨ੍ਹਾਂ ਦੇ ਪਰਿਵਾਰਾਂ ਅਤੇ ਭਾਈਚਾਰੇ ਨੂੰ ਸਦਮੇ ਵਿੱਚ ਪਾ ਦਿੱਤਾ ਹੈ। ਮੇਘਨਾ ਅਤੇ ਭਾਵਨਾ ਕੈਲੀਫੋਰਨੀਆ ਵਿੱਚ ਰਹਿੰਦੀਆਂ ਸਨ ਤੇ ਦੋਵੇਂ ਦੋਸਤ ਅਤੇ ਰੂਮਮੇਟ ਸਨ। ਉਨ੍ਹਾਂ ਨੇ ਹਾਲ ਹੀ ਵਿੱਚ ਆਪਣੀ ਮਾਸਟਰ ਡਿਗਰੀ ਮੁਕੰਮਲ ਕੀਤੀ ਸੀ ਅਤੇ ਨੌਕਰੀ ਭਾਲ ਰਹੀਆਂ ਸਨ। ਮੇਘਨਾ ਦੇ ਪਿਤਾ ਨਾਗੇਸ਼ਵਰ ਰਾਓ ਗਰਲਾ ਵਿੱਚ ਇੱਕ ਮੀ-ਸੇਵਾ ਕੇਂਦਰ ਚਲਾਉਂਦੇ ਹਨ, ਜਦੋਂ ਕਿ ਭਾਵਨਾ ਦੇ ਪਿਤਾ ਮੁਲਕਾਨੂਰ ਪਿੰਡ ਦੇ ਡਿਪਟੀ ਸਰਪੰਚ ਹਨ। ਅਮਰੀਕਾ ਵਿੱਚ ਸਥਾਨਕ ਅਧਿਕਾਰੀਆਂ ਨੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਅਤੇ ਮ੍ਰਿਤਕ ਦੇਹਾਂ ਨੂੰ ਭਾਰਤ ਵਾਪਸ ਲਿਆਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ।

# ਆਧਾਰ ਤੋਂ ਬਿਨਾਂ ਰੇਲਵੇ ਦਾ ਟਿਕਟ ਸਵੇਰ 8 ਤੋਂ 12 ਵਜੇ ਤਕ ਨਹੀਂ ਹੋਵੇਗਾ ਬੁੱਕ



**ਚੰਡੀਗੜ੍ਹ।** ਭਾਰਤ ਵਿਚ ਜਿਹੜੇ ਯੂਜ਼ਰਜ਼ ਨੇ ਆਈ ਆਰ ਸੀ ਟੀ ਸੀ ਨੂੰ ਆਧਾਰ ਕਾਰਡ ਨਾਲ ਲਿੰਕ ਨਹੀਂ ਕੀਤਾ ਤਾਂ ਉਹ ਅੱਜ 29 ਦਸੰਬਰ ਤੋਂ ਸਵੇਰ ਅੱਠ ਤੋਂ ਦੁਪਹਿਰ 12 ਵਜੇ ਤਕ ਟਿਕਟ ਬੁੱਕ ਨਹੀਂ ਕਰ ਸਕਣਗੇ। ਇਹ ਨਿਯਮ ਰੇਲਵੇ ਦੀਆਂ ਟਿਕਟਾਂ ਐਡਵਾਂਸ ਵਿਚ ਬੁੱਕ ਕਰਨ ਲਈ ਲਾਗੂ ਹੋਵੇਗੀ ਤੇ ਨਿਯਮਾਂ ਅਨੁਸਾਰ ਰਿਜ਼ਰਵ ਟਿਕਟ ਦੀ ਬੁਕਿੰਗ ਰੇਲ ਗੱਡੀ ਜਾਣ ਦੀ ਮਿਤੀ ਤੋਂ 60 ਦਿਨ ਪਹਿਲਾਂ ਖੁੱਲ੍ਹਦੀ ਹੈ। ਇਨ੍ਹਾਂ ਨਵੇਂ ਨਿਯਮਾਂ ਨਾਲ ਦਲਾਲਾਂ 'ਤੇ ਇਕੱਠੀਆਂ ਟਿਕਟਾਂ ਖਰੀਦਣ ਵਾਲਿਆਂ 'ਤੇ ਲਗਾਮ ਕੱਸੀ ਜਾਵੇਗੀ।

ਰੇਲਵੇ ਵਲੋਂ ਇਸ ਸਬੰਧੀ ਨਿਯਮਾਂ ਨੂੰ ਤਿੰਨ ਗੇੜਾਂ ਵਿਚ ਲਾਗੂ ਕਰਨ ਦੀ ਯੋਜਨਾ ਹੈ। ਪਹਿਲਾ ਗੇੜ ਅੱਜ ਤੋਂ ਲਾਗੂ ਹੋ ਗਿਆ ਹੈ ਤੇ ਦੂਜਾ ਗੇੜ ਪੰਜ ਜਨਵਰੀ ਤੋਂ ਲਾਗੂ ਹੋਵੇਗਾ ਤੇ ਤੀਜਾ ਗੇੜ 12 ਜਨਵਰੀ ਤੋਂ ਲਾਗੂ ਹੋਵੇਗਾ। ਜਾਣਕਾਰੀ ਅਨੁਸਾਰ 29 ਦਸੰਬਰ ਤੋਂ ਬਿਨਾਂ ਆਧਾਰ ਦੇ ਸਵੇਰ ਅੱਠ ਵਜੇ ਤੋਂ ਦੁਪਹਿਰ 12 ਵਜੇ ਤਕ ਐਡਵਾਂਸ ਬੁਕਿੰਗ ਨਹੀਂ ਹੋਵੇਗੀ। 5 ਜਨਵਰੀ ਨੂੰ ਸਵੇਰ ਅੱਠ ਤੋਂ ਸ਼ਾਮ ਚਾਰ ਵਜੇ ਤਕ ਟਿਕਟ ਬੁੱਕ ਕਰਨ 'ਤੇ ਰੋਕ ਹੋਵੇਗੀ ਤੇ 12 ਜਨਵਰੀ ਨੂੰ ਸਵੇਰ ਅੱਠ ਤੋਂ ਰਾਤ 12 ਵਜੇ ਤਕ ਅਜਿਹੇ ਯੂਜ਼ਰਜ਼ ਟਿਕਟਾਂ ਬੁੱਕ ਨਹੀਂ ਕਰ ਸਕਣਗੇ ਜਿਨ੍ਹਾਂ ਨੇ ਆਧਾਰ ਨੂੰ ਰੇਲਵੇ ਨਾਲ ਲਿੰਕ ਨਹੀਂ ਕੀਤਾ ਹੈ। ਰੇਲਵੇ ਨੇ ਕਿਹਾ ਹੈ ਕਿ ਨਵੇਂ ਨਿਯਮ ਦਾ ਉਦੇਸ਼ ਆਮ ਲੋਕਾਂ ਨੂੰ ਟਿਕਟਾਂ ਬੁੱਕ ਕਰਨ ਦਾ ਮੌਕਾ ਦੇਣਾ ਹੈ ਤੇ ਪਹਿਲੇ ਦਿਨ ਤੋਂ ਹੀ ਆਮ ਲੋਕ ਆਰਾਮ ਨਾਲ ਟਿਕਟਾਂ ਬੁੱਕ ਕਰਵਾ ਸਕਣਗੇ ਜਦਕਿ ਪਹਿਲਾਂ ਆਮ ਲੋਕਾਂ ਦੀਆਂ ਐਡਵਾਂਸ ਵਿਚ ਟਿਕਟਾਂ ਬੁੱਕ ਹੀ ਨਹੀਂ ਹੁੰਦੀਆਂ ਸਨ ਤੇ ਏਜੰਟ ਆਸਾਨੀ ਨਾਲ ਫਰਜ਼ੀ ਖਾਤਿਆਂ ਤੋਂ ਟਿਕਟਾਂ ਬੁੱਕ ਕਰਵਾ ਜਾਂਦੇ ਸਨ। ਇਸ ਵੀ ਦੱਸਣਾ ਬਣਦਾ ਹੈ ਕਿ ਬੁਕਿੰਗ ਵੇਲੇ ਯੂਜ਼ਰਜ਼ ਦੇ ਰਜਿਸਟਰਡ ਮੋਬਾਈਲ 'ਤੇ ਓਟੀਪੀ ਆਵੇਗਾ ਤੇ ਓਟੀਪੀ ਦਰਜ ਕਰਨ ਤੋਂ ਬਾਅਦ ਹੀ ਟਿਕਟ ਕਨਫਰਮ ਹੋਵੇਗੀ। ਇਹੀ ਨਿਯਮ ਆਨਲਾਈਨ ਤੇ ਇਹੀ ਨਿਯਮ ਰੇਲਵੇ ਕਾਊਂਟਰ ਤੋਂ ਟਿਕਟ ਬੁੱਕ ਕਰਵਾਉਣ 'ਤੇ ਵੀ ਲਾਗੂ ਹੋਣਗੇ।

# ਸਮਾਣਾ ਵਿਚ ਪਤਨੀ ਨੇ ਗਲਾ ਘੁੱਟ ਕੇ ਕੀਤਾ ਘਰਵਾਲੇ ਦਾ ਕਤਲ



**ਪਟਿਆਲਾ।** ਪਟਿਆਲਾ ਤੋਂ ਦਿਲ ਨੂੰ ਦਹਿਲਾ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ। ਇਥੇ ਸਦਰ ਸਮਾਣਾ ਅਧੀਨ ਪੈਂਦੇ ਪਿੰਡ ਕੁਲਾਰਾਂ ਵਿਚ ਇਕ ਪਤਨੀ ਨੇ ਅੱਧੀ ਰਾਤ ਵੇਲੇ ਗਲਾ ਘੁੱਟ ਕੇ ਆਪਣੇ ਪਤੀ ਦੀ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ ਆਤਮਾ ਸਿੰਘ (38) ਵਜੋਂ ਹੋਈ ਹੈ। ਮਾਮਲੇ ਦੇ ਜਾਂਚ ਮੁਖੀ ਸਹਾਇਕ ਥਾਣੇਦਾਰ ਬਲਕਾਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਆਤਮਾ ਸਿੰਘ (38) ਦੇ ਪਿਤਾ ਹੰਸਾ ਸਿੰਘ ਅਨੁਸਾਰ ਉਸ ਦੇ ਲੜਕੇ ਦਾ ਵਿਆਹ 3 ਸਾਲ ਪਹਿਲਾਂ ਰਾਣੀ ਕੌਰ ਨਿਵਾਸੀ ਪਿੰਡ ਸ਼ਾਹਪੁਰ ਨਾਲ ਹੋਇਆ ਸੀ। ਰਾਣੀ ਕੌਰ ਦਾ ਇਹ ਦੂਜਾ ਵਿਆਹ ਸੀ ਅਤੇ ਪਹਿਲੇ ਵਿਆਹ ਤੋਂ ਉਸ ਦਾ ਇਕ ਪੁੱਤਰ ਹੈ। ਪਿਤਾ ਅਨੁਸਾਰ ਇਲੈਕਟ੍ਰਿਕ ਆਟੋ ਰਿਕਸ਼ਾ ਚਲਾਉਣ ਵਾਲੀ ਨੂੰਹ ਰਾਣੀ ਕੌਰ ਅਕਸਰ ਉਸ ਦੇ ਪੁੱਤਰ ਨਾਲ ਝਗੜਾ ਕਰਦੀ ਰਹਿੰਦੀ ਸੀ। ਸ਼ਨਿਚਰਵਾਰ ਦੇਰ ਰਾਤ ਜਦੋਂ ਘਰ ਵਿਚੋਂ ਰੌਲਾ ਸੁਣ ਕੇ ਹੰਸਾ ਸਿੰਘ ਅੰਦਰ ਗਿਆ ਤਾਂ ਉਸ ਨੇ ਦੇਖਿਆ ਕਿ ਰਾਣੀ ਕੌਰ ਕਮਰੇ ਵਿਚ ਡਰੀ ਹੋਈ ਖੜ੍ਹੀ ਸੀ, ਜਦੋਂ ਕਿ ਉਸ ਦਾ 14 ਸਾਲਾ ਪੁੱਤਰ ਸੁੱਤਾ ਪਿਆ ਸੀ। ਜਦੋਂ ਉਸ ਨੇ ਆਤਮਾ ਸਿੰਘ ਨੂੰ ਦੇਖਿਆ ਤਾਂ ਉਹ ਮਰ ਚੁੱਕਿਆ ਸੀ। ਪਿਤਾ ਅਨੁਸਾਰ ਉਸ ਦੀ ਨੂੰਹ ਨੇ ਕਬੂਲ ਕੀਤਾ ਕਿ ਉਸ ਨੇ ਹੀ ਆਤਮਾ ਸਿੰਘ ਨੂੰ ਮਾਰਿਆ ਹੈ। ਅਧਿਕਾਰੀ ਅਨੁਸਾਰ ਪੁਲਿਸ ਵਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪ੍ਰੋਫੈਸਰ ਚਰਨ ਸਿੰਘ ਦਾ ਦੇਹਾਂਤ,ਵੱਖ ਵੱਖ ਸ਼ਖ਼ਸੀਅਤਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

## ਉੱਚੀ ਸੋਚ ਅਤੇ ਸਮਾਜ ਸੇਵਾ ਨੂੰ ਸਮਰਪਿਤ ਮਹਾਨ ਸ਼ਖ਼ਸੀਅਤ ਫਾਨੀ ਸੰਸਾਰ ਤੋਂ ਹੋਈ ਰੁਖਸਤ

**ਕਪੂਰਥਲਾ (ਕੌੜਾ)** - ਬਾਬਾ ਦਰਬਾਰਾ ਸਿੰਘ ਕਾਲਜੀਏਟ ਪਬਲਿਕ ਸਕੂਲ ਟਿੱਬਾ ਦੀ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਅਤੇ ਕਾਂਗਰਸ ਪਾਰਟੀ ਦੇ ਸਾਬਕਾ ਸੂਬਾ ਮੀਤ ਪ੍ਰਧਾਨ ਪ੍ਰੋਫੈਸਰ ਚਰਨ ਸਿੰਘ ਜੀ (90) ਦਾ ਸੰਖੇਪ ਬੀਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਇਲਾਕੇ 'ਚ ਗਹਿਰੇ ਦੁੱਖ ਅਤੇ ਸੋਗ ਦੀ ਲਹਿਰ ਦੌੜ ਗਈ ਹੈ। ਪ੍ਰੋਫੈਸਰ ਚਰਨ ਸਿੰਘ ਜੀ ਇੱਕ ਸਾਦਗੀ ਭਰਿਆ ਜੀਵਨ ਜੀਉਣ ਵਾਲੇ, ਉੱਚੀ ਸੋਚ ਦੇ ਮਾਲਕ ਅਤੇ ਨਿਰਸਵਾਰਥ ਸਮਾਜ ਸੇਵਾ ਨੂੰ ਸਮਰਪਿਤ ਸ਼ਖ਼ਸੀਅਤ ਸਨ। ਉਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਸਿੱਖਿਆ, ਸਮਾਜਿਕ ਚੇਤਨਾ ਅਤੇ ਲੋਕ ਭਲਾਈ ਲਈ ਸਮਰਪਿਤ ਕਰ ਦਿੱਤੀ। ਸਿੱਖਿਆ ਦੇ ਖੇਤਰ 'ਚ ਉਨ੍ਹਾਂ ਦਾ ਯੋਗਦਾਨ ਅਮੋਲਕ ਮੰਨਿਆ ਜਾਂਦਾ ਹੈ, ਜਿਸ ਰਾਹੀਂ ਹਜ਼ਾਰਾਂ ਵਿਦਿਆਰਥੀਆਂ ਨੇ ਜੀਵਨ ਦੀ ਸਹੀ ਦਿਸ਼ਾ ਪ੍ਰਾਪਤ ਕੀਤੀ। ਪ੍ਰੋਫੈਸਰ ਸਾਹਿਬ ਸ਼ਹੀਦ ਊਧਮ ਸਿੰਘ ਦੀ ਇਨਕਲਾਬੀ ਸੋਚ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਉਸ ਸੋਚ ਨੂੰ ਜੀਵੰਤ ਰੱਖਣ ਲਈ ਉਨ੍ਹਾਂ ਨੇ ਲੰਬੇ ਸਮੇਂ ਤੱਕ ਅਟੁੱਟ ਸੇਵਾ ਨਿਭਾਈ। ਉਹਨਾਂ ਵੱਲੋਂ ਸੁਲਤਾਨਪੁਰ ਲੋਧੀ ਦੇ ਵਿੱਚ ਸ਼ਹੀਦ ਊਧਮ ਸਿੰਘ ਟਰੱਸਟ ਬਣਾਇਆ ਗਿਆ ਅਤੇ ਸ਼ਹੀਦ ਊਧਮ ਸਿੰਘ ਚੌਂਕ ਦੇ ਵਿੱਚ ਸ਼ਹੀਦ ਊਧਮ ਸਿੰਘ ਦਾ ਇੱਕ ਬੁੱਤ ਲਗਾ ਕੇ ਹਰ ਸਾਲ ਸ਼ਹੀਦ ਊਧਮ ਸਿੰਘ ਜੀ ਦੀ ਯਾਦ ਵਿੱਚ ਸਮਾਗਮ ਕਰਵਾ ਕੇ ਨੌਜਵਾਨ ਪੀੜ੍ਹੀ ਨੂੰ ਦੇਸ਼ਭਗਤੀ, ਨਿਆਂ ਅਤੇ ਕੁਰਬਾਨੀ ਦੇ ਮੂਲ ਮੰਤਵ ਨਾਲ ਜੋੜਨ ਦਾ ਉਪਰਾਲਾ ਕਰਦੇ ਰਹੇ। ਇਹ ਸਮਾਗਮ ਸਿਰਫ਼ ਰਸਮੀ ਨਹੀਂ ਸਗੋਂ




ਵਿਚਾਰਧਾਰਕ ਜਾਗਰੂਕਤਾ ਦਾ ਕੇਂਦਰ ਬਣੇ ਰਹੇ। ਰਾਜਨੀਤਿਕ ਜੀਵਨ ਦੌਰਾਨ ਵੀ ਪ੍ਰੋਫੈਸਰ ਚਰਨ ਸਿੰਘ ਜੀ ਨੇ ਹਮੇਸ਼ਾ ਸਿਧਾਂਤਾਂ ਦੀ ਰਾਜਨੀਤੀ ਕੀਤੀ। ਉਹ ਲੋਕਾਂ ਦੇ ਦੁੱਖ-ਸੁੱਖ ਵਿੱਚ ਸਦਾ ਨਾਲ ਖੜ੍ਹੇ ਰਹੇ ਅਤੇ ਇਲਾਕੇ ਦੀਆਂ ਸਮੱਸਿਆਵਾਂ ਨੂੰ ਉੱਚੇ ਮੰਚਾਂ 'ਤੇ ਉਠਾਉਣ ਲਈ ਜਾਣੇ ਜਾਂਦੇ ਸਨ। ਉਨ੍ਹਾਂ ਦਾ ਸੁਭਾਅ ਮਿਲਣਸਾਰ, ਨਿਮਰ ਅਤੇ ਸਲਾਹਕਾਰ ਰਿਹਾ, ਜਿਸ ਕਾਰਨ ਹਰ ਵਰਗ 'ਚ ਉਨ੍ਹਾਂ ਨੂੰ ਬੇਹੱਦ ਸਤਿਕਾਰ ਮਿਲਿਆ। ਉਨ੍ਹਾਂ ਦੇ ਦੇਹਾਂਤ 'ਤੇ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਸਿੱਖਿਆਕ ਖੇਤਰ ਨਾਲ ਜੁੜੀਆਂ ਅਨੇਕਾਂ ਸ਼ਖ਼ਸੀਅਤਾਂ ਵੱਲੋਂ ਡੂੰਘਾ ਦੁੱਖ ਪ੍ਰਗਟ ਕੀਤਾ ਜਾ ਰਿਹਾ ਹੈ। ਸਭ ਨੇ ਇਕਸੁਰ ਵਿੱਚ ਕਿਹਾ ਕਿ ਪ੍ਰੋਫੈਸਰ ਚਰਨ ਸਿੰਘ ਜੀ ਦਾ ਜਾਣਾ ਇਲਾਕੇ ਲਈ ਅਪੂਰਣੀ ਘਾਟ ਹੈ। ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਉਹ ਪ੍ਰੋਫੈਸਰ ਚਰਨ ਸਿੰਘ ਜੀ ਨੂੰ ਆਪਣੇ ਪਾਵਨ ਚਰਨਾਂ ਵਿੱਚ ਸਥਾਨ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਗੁਰੂ ਦੇ ਭਾਣੇ ਵਿੱਚ ਰਹਿਣ ਦਾ ਬੱਲ ਪ੍ਰਦਾਨ ਕਰੇ। ਉਨ੍ਹਾਂ ਦੀ ਯਾਦ, ਸੋਚ ਅਤੇ ਸਮਾਜ ਸੇਵਾ ਸਦਾ ਲੋਕਾਂ ਦੇ ਦਿਲਾਂ ਵਿੱਚ ਜ਼ਿੰਦਾ ਰਹੇਗੀ। ਪਰਿਵਾਰਿਕ ਮੈਂਬਰਾਂ ਅਨੁਸਾਰ ਪ੍ਰੋਫੈਸਰ ਚਰਨ ਸਿੰਘ ਦਾ ਅੰਤਿਮ ਸੰਸਕਾਰ ਉਹਨਾਂ ਦੇ ਬੇਟਿਆਂ ਦੇ ਵਿਦੇਸ਼ ਤੋਂ ਵਾਪਸ ਆਉਣ ਤੇ ਕੀਤਾ ਜਾਵੇਗਾ ਇਸ ਮੌਕੇ ਮੈਂਬਰ ਰਾਜ ਸਭਾ ਸੰਤ ਬਲਬੀਰ ਸਿੰਘ ਸੀਚੇਵਾਲ ਰਾਣਾ ਗੁਰਜੀਤ ਸਿੰਘ ਸਾਬਕਾ ਮੰਤਰੀ, ਰਾਣਾ ਇੰਦਰ ਪ੍ਰਤਾਪ ਸਿੰਘ ਵਿਧਾਇਕ ਸੁਲਤਾਨਪੁਰ ਲੋਧੀ, ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ, ਡਾਕਟਰ ਉਪਿੰਦਰਜੀਤ ਕੌਰ ਸਾਬਕਾ ਵਿੱਤ ਮੰਤਰੀ ਪੰਜਾਬ, , ਸਾਬਕਾ ਚੇਅਰਮੈਨ ਕੈਪਟਨ ਹਰਮਿੰਦਰ ਸਿੰਘ, ਸਾਬਕਾ ਚੇਅਰਮੈਨ ਜਸਪਾਲ ਸਿੰਘ ਧੰਜੂ, ਉੱਘੇ ਪੱਤਰਕਾਰ ਨਰਿੰਦਰ ਸਿੰਘ ਸੋਨੀਆ, ਸਹਿਤ ਸਭਾ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਡਾਕਟਰ ਸਵਰਨ ਸਿੰਘ, ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ ਦੇ ਵਿੱਤ ਸਕੱਤਰ ਤੇ ਜਨਰਲ ਸਕੱਤਰ ਐਡਵੋਕੇਟ ਰਜਿੰਦਰ ਸਿੰਘ ਰਾਣਾ, ਸਰਦਾਰ ਕੇਹਰ ਸਿੰਘ ਐਡਵੋਕੇਟ, ਇੰਜੀਨੀਅਰ ਸਵਰਨ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਗੁਰਪ੍ਰੀਤ ਕੌਰ ਰੂਹੀ, ਜਰਨੈਲ ਸਿੰਘ ਡੋਗਰਾਂਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੁਖਤਿਆਰ ਸਿੰਘ ਚੰਦੀ ਸਕੱਤਰ ਸਹਿਤ ਸਭਾ, ਮਾਸਟਰ ਸੁੱਚਾ ਸਿੰਘ ਮਿਰਜਾਪੁਰ, ਮਾਸਟਰ ਚਰਨ ਸਿੰਘ ਹੈਬਤਪੁਰ, ਤਜਿੰਦਰ ਸਿੰਘ ਧੰਜੂ ਮੀਤ ਪ੍ਰਧਾਨ ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ, ਪ੍ਰੋਫੈਸਰ ਬਲਜੀਤ ਸਿੰਘ ਟਿੱਬਾ , ਅਵਤਾਰ ਸਿੰਘ ਮੀਰੇ, ਸੁਖਦੇਵ ਸਿੰਘ ਜੱਜ ਅਕਾਲ ਗਲੈਕਸੀ, ਸੁਖਦੇਵ ਸਿੰਘ ਨਾਨਕਪੁਰ, ਜਰਨੈਲ ਸਿੰਘ ਸੰਧਾ ਪ੍ਰਧਾਨ ਬਾਰ ਐਸੋਸੀਏਸ਼ਨ, ਰਸ਼ਪਾਲ ਸਿੰਘ ਕਿਰਤੀ ਕਿਸਾਨ ਯੂਨੀਅਨ, ਰਘਬੀਰ ਸਿੰਘ ਕਿਰਤੀ ਕਿਸਾਨ ਯੂਨੀਅਨ,ਕੁਲਬੀਰ ਕਾਲੀ ਟਿੱਬਾ,ਗੁਰਦੀਪ ਸਿੰਘ ਘੁੰਮਣ ਆੜਤੀਆ, ਸਰਬਜੀਤ ਸਿੰਘ ਆੜਤੀਆਂ,ਜੈਪਾਲ ਸਿੰਘ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

# ਡਾ. ਮੱਘਰ ਚੇਅਰਮੈਨ ਅਤੇ ਖੜਿਆਲ ਪ੍ਰੈਸ ਸਕੱਤਰ ਨਿਯੁਕਤ

**ਦਿੜਬਾ ਮੰਡੀ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)**

ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਵਿਧਾਇਕ ਗੁਰਲਾਲ ਸਿੰਘ ਘਨੌਰ, ਜਰਨਲ ਸਕੱਤਰ ਸ੍ਰ ਤੇਜਿੰਦਰ ਸਿੰਘ ਮਿੱਡੂਖੇੜਾ, ਚੇਅਰਮੈਨ ਅਮਨਪ੍ਰੀਤ ਸਿੰਘ ਮੱਲੀ, ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਬਰਨਾਲਾ ਦੀ ਯਥਾਯੋਗ ਅਗਵਾਈ ਵਿੱਚ ਜਿਲਾ ਕਬੱਡੀ ਐਸੋਸੀਏਸ਼ਨ ਸੰਗਰੂਰ ਨੇ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ, ਜਰਨਲ ਸਕੱਤਰ ਡਾ ਜਨਕ ਰਾਜ ਸ਼ਰਮਾਂ, ਆਰਗੇ ਸੈਕਟਰੀ ਚੇਅਰਮੈਨ ਹਰਪਾਲ ਸਿੰਘ ਖੜਿਆਲ, ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਕਾਲਾ, ਮੀਤ ਪ੍ਰਧਾਨ ਬਲਜੀਤ ਸਿੰਘ ਢੀਂਡਸਾ ਨੇ ਉੱਘੇ ਖੇਡ ਪ੍ਰਮੋਟਰ ਪ੍ਰਬੰਧਕ ਡਾ ਮੱਘਰ ਸਿੰਘ ਸਿਹਾਲ ਨੂੰ ਚੇਅਰਮੈਨ ਅਤੇ ਕਬੱਡੀ ਦੇ ਪ੍ਰਸਿੱਧ ਕੁਮੈਂਟੇਟਰ ਸਤਪਾਲ ਸਿੰਘ






ਖੜਿਆਲ ਨੂੰ ਪ੍ਰੈਸ ਸਕੱਤਰ ਨਿਯੁਕਤ ਕੀਤਾ ਹੈ। ਇਸ ਮੌਕੇ ਪ੍ਰਧਾਨ ਧਾਲੀਵਾਲ ਨੇ ਕਿਹਾ ਕਿ ਦੋਵੇਂ ਸਖਸੀਅਤਾਂ ਦੀ ਕਬੱਡੀ ਜਗਤ ਵਿੱਚ ਵੱਡੀ ਪਛਾਣ ਅਤੇ ਆਦਰ ਸਨਮਾਨ ਹੈ। ਇਨ੍ਹਾਂ ਦੀ ਨਿਯੁਕਤੀ ਨਾਲ ਜਿੱਥੇ ਜਿਲਾ ਕਬੱਡੀ ਐਸੋਸੀਏਸ਼ਨ ਨੂੰ ਬਲ ਮਿਲੇਗਾ ਉੱਥੇ ਹੀ ਜਿਲੇ ਦੀ ਕਬੱਡੀ ਨੂੰ ਪ੍ਰਫੁਲਿਤ ਕਰਨ ਵਿੱਚ ਵੀ ਵੱਡੀ ਮੱਦਦ ਮਿਲੇਗੀ। ਇਸ ਮੌਕੇ ਦੋਵੇਂ ਸਖਸੀਅਤਾਂ ਨੇ ਪੰਜਾਬ ਕਬੱਡੀ ਐਸੋਸੀਏਸ਼ਨ ਅਤੇ ਜਿਲਾ ਕਬੱਡੀ ਐਸੋਸੀਏਸ਼ਨ ਦਾ ਧੰਨਵਾਦ ਕੀਤਾ।

# ਮੀਰੀ ਪੀਰੀ ਸੇਵਾ ਸਿਮਰਨ ਕਲੱਬ ਹੁਸ਼ਿਆਰਪੁਰ ਵੱਲੋਂ ਸਫਰ-ਏ-ਸ਼ਹਾਦਤ ਨੂੰ ਸਮਰਪਿਤ ਲਗਾਏ ਦੁੱਧ ਦੇ ਲੰਗਰ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ. ਹੁਸ਼ਿਆਰਪੁਰ ਪ੍ਰਬੰਧਕ ਕਮੇਟੀ ਗੁਰਦੁਆਰਾ ਸ਼੍ਰੀ ਹਰਿ ਜੀ ਸਹਾਇ ਮੁਹੱਲਾ ਟਿੱਬਾ ਸਾਹਿਬ ਤੇ ਸਮੂਹ ਸੰਗਤ ਵੱਲੋਂ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਚਾਰ ਸਾਹਿਬਜ਼ਾਦੇ,ਮਾਤਾ ਗੁਜਰ ਕੌਰ ਜੀ ਤੇ ਸਮੂਹ ਸ਼ਹੀਦ ਸਿੰਘਾਂ,ਸਿੰਘਣੀਆਂ ਦੀ ਯਾਦ ਵਿੱਚ ਮਨਾਏ ਜਾ ਰਹੇ ਸਫਰ-ਏ-ਸ਼ਹਾਦਤ ਨੂੰ ਸਮਰਪਿਤ ਦੁੱਧ ਦੇ ਲੰਗਰ ਸਥਾਨਕ ਪ੍ਰਭਾਤ ਚੌਂਕ ਹੁਸ਼ਿਆਰਪੁਰ ਵਿੱਚ ਗੁਰਦੁਆਰਾ ਕਮੇਟੀ ਪ੍ਰਧਾਨ ਦਰਸ਼ਨ ਸਿੰਘ ਪਲਾਹਾ ਅਤੇ ਕਲੱਬ ਦੇ ਚੇਅਰਮੈਨ ਸਰਬਜੀਤ ਸਿੰਘ ਬਡਵਾਲ ਦੀ ਅਗਵਾਈ ਵਿੱਚ ਲਗਾਏ ਗਏ ਨ ਇਸ ਮੌਕੇ ਕਲੱਬ ਦੇ ਪ੍ਰਧਾਨ ਗੁਰਬਿੰਦਰ ਸਿੰਘ ਪਲਾਹਾ, ਜਨਰਲ ਸਕੱਤਰ ਪ੍ਰਿੰ. ਬਲਵੀਰ ਸਿੰਘ ਸੈਣੀ,ਅਵਤਾਰ ਸਿੰਘ ਸੰਧੂ, ਇੰਜ. ਮੰਗਵਿੰਦਰ ਸਿੰਘ, ਗੁਰਵਿੰਦਰ ਸਿੰਘ ਰੀਹਲ, ਹਰਬੰਸ ਸਿੰਘ ਸੈਬ,



ਮਨਜਿੰਦਰ ਸਿੰਘ ਖੁਣਖੁਣ,ਹਰਬਖਸ਼ਪਾਲ ਸਿੰਘ, ਗੁਰ-ਚਰਨ ਸਿੰਘ ਜਿੰਦ ਜਗਤਾਰ ਸਿੰਘ ਬਡਵਾਲ, ਤਜਿੰਦਰ ਸਿੰਘ ਬਡਵਾਲ, ਜਸਜੀਤ ਸਿੰਘ ਬਡਵਾਲ,ਇੰਦਰਪ੍ਰੀਤ ਸਿੰਘ ਬਡਵਾਲ, ਅਜੀਤ ਸਿੰਘ ਸੋਨੂ ਮਨਜੀਤ ਸਿੰਘ, ਅਰਸ਼ਦੀਪ ਸਿੰਘ ਬਡਵਾਲ ਅਸ਼ੋਕ ਸਿੰਘ,ਇੰਦਰਜੀਤ ਸਿੰਘ ਲਾਡੀ,ਜਸਵੰਤ ਸਿੰਘ ਸ਼ੰਟੀ,ਬਲਪ੍ਰੀਤ ਸਿੰਘ ਬੱਲੂ, ਸਾਹਿਬ ਸਿੰਘ, ਗੈਰੀ ਧਾਮੀ, ਕਮਲ ਬੈਂਸ,ਜੈਸਮੀਨ ਬਡਵਾਲ, ਕਮਲ ਬਡਵਾਲ, ਮਨਪ੍ਰੀਤ ਕੌਰ,ਹਰਦੀਪ ਕੌਰ ਨਿੱਜਰ, ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਰਾਹਗੀਰਾਂ ਨੂੰ ਦੁੱਧ ਛਕਾਉਣ ਦੀ ਸੇਵਾ ਕੀਤੀ ਅਤੇ ਚਾਰ ਸਾਹਿਬਜ਼ਾਦਿਆਂ,ਮਾਤਾ ਗੁਜਰ ਕੌਰ ਜੀ ਅਤੇ ਅਨੇਕਾਂ ਸ਼ਹੀਦ ਸਿੰਘਾਂ ਸਿੰਘਣੀਆਂ ਦੀ ਸ਼ਹਾਦਤ ਨੂੰ ਪ੍ਰਣਾਮ ਕੀਤਾ।

**ਫੋਟੋ ਅਜਮੇਰ ਦੀਵਾਨਾ**

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸੇਫਟੀ ਅਤੇ ਸਿਕਿਉਰਟੀ ਵਿਸ਼ੇ ਤੇ ਜ਼ਿਲ੍ਹਾ ਪੱਧਰੀ ਸੈਮੀਨਾਰ ਦਾ ਆਯੋਜਨ

**ਕਪੂਰਥਲਾ (ਕੌੜਾ)–** ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਜੀ ਦੇ ਹੁਕਮਾਂ ਦੀ ਪਾਲਣਾ ਹਿਤ ਅਤੇ ਸਰਦਾਰ ਪਰਮਜੀਤ ਸਿੰਘ ਜਿਲਾ ਗਾਈਡੈਂਸ ਕੌਂਸਲਰ ਦੀ ਅਗਵਾਈ ਹੇਠ ਸੇਫਟੀ ਅਤੇ ਸਿਕਿਉਰਟੀ ਵਿਸ਼ੇ ਤਹਿਤ ਸਮੂਹ ਬੀ ਐਨ ਓਜ ਅਤੇ ਸਮੂਹ ਬੀ ਪੀ ਈ ਓਜ ਅਤੇ ਕੁਝ ਚੁਨਿੰਦਾ ਅਧਿਆਪਕਾਂ ਦਾ ਇੱਕ ਵਿਸ਼ੇਸ਼ ਜਿਲ੍ਹਾ ਪੱਧਰੀ ਸੈਮੀਨਾਰ ਸਰਕਾਰੀ ਹਾਈ ਸਕੂਲ ਮਨਸੂਰਵਾਲ ਦੋਨਾਂ ਵਿਖੇ ਆਯੋਜਿਤ ਕੀਤਾ ਗਿਆ । ਇਸ ਸੈਮੀਨਾਰ ਵਿੱਚ ਮੁੱਖ ਵਿਸ਼ੇ ਕੈਰੀਅਰ ਗਾਈਡੈਂਸ ਦੀ ਐਪ ਕੌਮਾਂ ਸੇਫਟੀ ਅਤੇ ਸਿਕਿਉਰਟੀ ਵਿਸ਼ਾ ਅਤੇ ਚਾਇਲਡ ਅਬਿਊਜ ਵਰਗੇ ਵਿਸ਼ੇਸ਼ ਵਿਸ਼ਿਆਂ ਉੱਤੇ ਮਾਹਰ ਰਿਸੋਰਸ ਪਰਸਨ ਵੱਲੋਂ ਜਾਣਕਾਰੀ ਪ੍ਰਦਾਨ ਕੀਤੀ ਗਈ । ਇਸ ਸੈਮੀਨਾਰ ਵਿੱਚ ਦਵਿੰਦਰ ਸਿੰਘ ਵਾਲੀਆ ਲੈਕਚਰਾਰ ਅਤੇ ਸ੍ਰੀਮਤੀ ਨਤਾਸ਼ਾ ਸਾਗਰ ਸੀ ਡੀ ਪੀਓ ਕਪੂਰਥਲਾ ਅਤੇ ਪਰਮਜੀਤ ਸਿੰਘ ਗਾਈਡੈਂਸ ਕੌਂਸਲਰ ਕਪੂਰਥਲਾ ਵੱਲੋਂ ਬਤੌਰ ਰਿਸੋਰਸ



ਪਰਸਨ ਸੇਵਾ ਨਿਭਾਈ ਗਈ ਉਹਨਾਂ ਨੇ ਆਪੋ ਆਪਣੇ ਵਿਸ਼ੇ ਦੀ ਵਿਸ਼ੇਸ਼ ਜਾਣਕਾਰੀ ਹਾਜ਼ਰੀਨ ਨੂੰ ਪ੍ਰਦਾਨ ਕੀਤੀ ਅਤੇ ਮੌਕੇ ਤੇ ਉਹਨਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਜੇਸ਼ ਕੁਮਾਰ ਬਲਾਕ ਸਿੱਖਿਆ ਅਧਿਕਾਰੀ,ਅਜੀਤ ਸਿੰਘ ਸੀ ਐੱਚ ਟੀ, ਮੀਨਾਕਸ਼ੀ ਸ਼ਰਮਾ ਸੀ ਐੱਚ ਟੀ,ਗੁਰਮੇਜ਼ ਸਿੰਘ ਸਕੂਲ ਮੁਖੀ ਸ੍ਰੀਮਤੀ ਆਸ਼ਾ ਕਿਰਨ ਅੜੇ ਬਲਜਿੰਦਰ ਸਿੰਘ ਆਦਿ ਹਾਜ਼ਰ ਸਨ।

## ਸਰਕਾਰੀ ਹਾਈ ਸਕੂਲ ਝੰਡੇਰ ਕਲਾਂ ਵਿਖੇ ਇਨਾਮ ਵੰਡੇ




ਅੱਜ ਸਰਕਾਰੀ ਹਾਈ ਸਕੂਲ ਝੰਡੇਰ ਕਲਾਂ ਵਿਖੇ ਤਰਕਸ਼ੀਲ ਸੋਸਾਇਟੀ ਪੰਜਾਬ ਵਲੋਂ ਕਰਵਾਈ ਗਈ ਪ੍ਰੀਖਿਆ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਕਿਤਾਬਾਂ ਦੇ ਸੈੱਟ ਅਤੇ ਸਰਟੀਫਿਕੇਟ ਦਿੱਤੇ ਗਏ ਨਾਲ ਹੀ ਵਧੀਆ ਕਾਰਗੁਜਾਰੀ ਵਾਲੇ ਵਿਦਿਆਰਥੀਆਂ ਨੂੰ ਵੀ ਸਰਟੀਫਿਕੇਟ ਦਿੱਤੇ ਗਏ । ਇਸ ਮੌਕੇ ਸੁਖਵਿੰਦਰ ਲੰਗੇਰੀ ਵੱਲੋਂ ਬੱਚਿਆਂ ਨੂੰ ਜਾਦੂ ਦੇ ਟਰਿੱਕ ਦਿਖਾਏ। ਇਕਾਈ ਪੱਧਰ ਤੇ ਜਸਮੀਤ ਕੌਰ, ਕਰਨਦੀਪ ਸਿੰਘ ਅਤੇ ਮਨਜੋਤ ਸਿੱਧੂ ਨੇ ਪਹਿਲਾ ,ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ । ਤਰਕਸ਼ੀਲ ਇਕਾਈ ਦੇ ਮੀਡੀਆ ਮੁਖੀ ਮੋਹਨ ਬੀਕਾ ਜੀ ਵੱਲੋਂ ਬੱਚਿਆਂ ਤੇ ਅਧਿਆਪਕਾਂ ਨਾਲ ਸੋਸਾਇਟੀ ਦੀ ਕਾਰਗੁਜਾਰੀ ਬਾਰੇ ਗੱਲ ਬਾਤ ਕੀਤੀ ਗਈ । ਸਕੂਲ ਇੰਚਾਰਜ ਸ੍ਰੀਮਤੀ ਨੀਲਮ ਰਾਣੀ ਵਲੋਂ ਸੋਸਾਇਟੀ ਦਾ ਧੰਨਵਾਦ ਕੀਤਾ ਗਿਆ । ਇਸ ਮੌਕੇ ਅਧਿਆਪਕ ਸ਼੍ਰੀਮਤੀ ਸਰਬਜੀਤ ਕੌਰ, ਮੈਡਮ ਨਵਜੋਤਦੀਪ ਕੌਰ, ਸ਼੍ਰੀ ਨਰੇਸ਼ ਕੁਮਾਰ , ਮਾਸਟਰ ਚੰਦਰ ਸ਼ੇਖਰ ਵਰਮਾ ,ਮਾਸਟਰ ਗੁਰਮੁਖ ਸਿੰਘ , ਸ਼੍ਰੀਮਤੀ ਨੇਹਾ , ਮਿਸ ਮਨਜਿੰਦਰ ਕੌਰ ਅਤੇ ਸ੍ਰੀ ਸ਼ਮਸ਼ੇਰ ਸਿੰਘ ਜੀ ਮੌਜੂਦ ਸਨ।

**ਸੁਖਵਿੰਦਰ ਲੰਗੇਰੀ**
**ਮਾਨਸਿਕ ਰੋਗ ਵਿਭਾਗ**
**7009894460**

## 2 ਜਨਵਰੀ ਨੂੰ ਬਸਪਾ ਵੱਲੋਂ ਮਜ਼ਦੂਰਾਂ ਦੇ ਹੱਕਾਂ ਲਈ ਜਿਲਾ ਪੱਧਰ ਤੇ ਧਰਨਿਆਂ ਦੀ ਸਫਲਤਾ ਲਈ ਗੜਸ਼ੰਕਰ ਹਲਕੇ ਦੀ ਮੀਟਿੰਗ ਵਿੱਚ ਵੱਡੀ ਗਿਣਤੀ ਚ ਹੁਸ਼ਿਆਰਪੁਰ ਪਹੁੰਚਣ ਦਾ ਲਿਆ ਫੈਸਲਾ : ਕਰੀਮਪੁਰੀ





**ਗੜ੍ਹਸ਼ੰਕਰ (ਚਰਨਜੀਤ ਸੱਲ੍ਹਾਂ )** ਵਿਧਾਨ ਸਭਾ ਹਲਕਾ ਗੜਸ਼ੰਕਰ ਪਿੰਡ ਬਰੇਸਰੋ ਵਿਖੇ ਬਹੁਜਨ ਸਮਾਜ ਪਾਰਟੀ ਦੇ ਮੀਟਿੰਗ ਕੀਤੀ ਗਈ ਜਿਸ ਵਿੱਚ ਬਲਾਕ ਸੰਮਤੀ ਜ਼ਿਲ੍ਹਾ ਪਰੀਸ਼ਦ ਦਾ ਇਲੈਕਸ਼ਨ ਦੀ ਸਮੀਖਿਆ ਇਲੈਕਸ਼ਨ ਲੜਨ ਜਿੱਤਣ ਵਾਲਿਆਂ ਦਾ ਸਨਮਾਨ ਅਤੇ 2 ਜਨਵਰੀ ਨੂੰ ਬਸਪਾ ਵੱਲੋਂ ਮਜ਼ਦੂਰਾਂ ਦੇ ਹਿੱਤਾਂ ਲਈ ਮਨਰੇਗਾ ਦੇ ਖਾਤਮੇ ਦੇ ਵਿਰੁੱਧ ਜਿਲ੍ਹਾ ਪੱਧਰ ਤੇ ਦਿੱਤੇ ਜਾ ਰਹੇ ਧਰਨੇ ਦੀਆਂ ਤਿਆਰੀਆਂ ਲਈ ਜਿੰਮੇਵਾਰੀਆਂ ਵੀ ਲਾਈਆਂ ਮੀਟਿੰਗ ਵਿੱਚ ਪਾਰਟੀ ਦੇ ਸਟੇਟ



ਸੈਕਟਰੀ ਰਣਬੀਰ ਬੱਬਰ ਇੰਚਾਰਜ ਵਿਧਾਨ ਸਭਾ ਹਲਕਾ ਗੜਸ਼ੰਕਰ,ਜਿਲ੍ਹਾ ਕੁਆਰਡੀਨੇਟਰ ਬਖਸ਼ੀਸ਼ ਭੀਮ ਇਨਚਾਰਜ ਵਿਧਾਨ ਸਭਾ ਹਲਕਾ ਗੜਸ਼ੰਕਰ, ਅਸ਼ੋਕ ਬਡੇਸਰੋ ਇੰਚਾਰਜ ਵਿਧਾਨ ਸਭਾ ਹਲਕਾ ਗੜਸ਼ੰਕਰ, ਮਾਸਟਰ ਮਲਕੀਤ ਸਿੰਘ ਪ੍ਰਧਾਨ ਵਿਧਾਨ ਸਭਾ ਹਲਕਾ ਗੜਸ਼ੰਕਰ, ਬਸਪਾ ਜਿਲੇ ਦੇ ਆਗੂ ਚਰਨਜੀਤ ਮੁਜਾਰਾ ਡਿੰਗਰੀਆਂ,ਮਾਸਟਰ ਧਰਮ ਚੰਦ, ਹਰਦੇਵ ਕੁਮਾਰ ਗੁਲਮਾਰਗ, ਕੁੰਦਨ ਜੀ, ਸ਼੍ਰੀ ਰਵਿੰਦਰ ਬੀੜਾ,ਸ਼੍ਰੀ ਮੋਹਨ ਲਾਲ, ਖਾਲਸਾ, ਐਟਵੋਕੇਟ ਬੁੱਲੇਵਾਲ ਸਰਪੰਚ, ਬਲਾਕ ਸੰਮਤੀ ਮੈਂਬਰ ਗੋਦਾਵਰ, ਕਸ਼ਮੀਰ ਸਿੰਘ ਲਖਬੀਰ ਸਿੰਘ ਮਨਜੀਤ ਝੱਲੀ ਬਿਪਨ ਕੁਮਾਰ ਪਰਵੀਨ ਕੁਮਾਰੀ ਠੇਕੇਦਾਰ ਪ੍ਰਕਾਸ਼ ਭਗਵਾਨ ਸ੍ਰੀ ਮੋਹਨ ਲਾਲ ਤੋਂ ਇਲਾਵਾ ਹੋਰ ਪਾਰਟੀ ਦੀ ਲੀਡਰਸ਼ਿਪ ਵਰਕਰ ਹਾਜ਼ਰ ਸਨ।

# ਮਾਲਵੇ ਦੇ ਲੋਕਾਂ ਦਾ ਝੁਕਾਅ ਹੁਣ ਬਸਪਾ ਵੱਲ : ਕੁਲਦੀਪ ਸਿੰਘ ਸਰਦੂਲਗੜ੍ਹ

**ਸਰਦੂਲਗੜ੍ਹ (ਚਰਨਜੀਤ ਸੱਲ੍ਹਾਂ )** ਮਾਲਵੇ ਦੇ ਲੋਕਾਂ ਦਾ ਝੁਕਾਅ ਹੁਣ ਬਸਪਾ ਵੱਲ ਕੁਲਦੀਪ ਸਿੰਘ ਸਰਦੂਲਗੜ੍ਹ ਜੀ ਨੇ ਅੱਜ ਇਹ ਦੂਸਰੀ ਜੁਆਨਿੰਗ ਕਰਾਉਂਦਿਆਂ ਗੱਲ ਕਹੀ ਕਿ ਪਿਛਲੇ ਸਮੇਂ ਵਿੱਚ ਪੰਜਾਬ ਵਿੱਚ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸਦ ਦੀ ਚੋਣ ਹੋਈ ਹੈ ਜਿਸ ਵਿੱਚ ਤੀਸਰੀ ਧਿਰ ਵਜੋਂ ਬਹੁਜਨ ਸਮਾਜ ਪਾਰਟੀ ਉੱਭਰੀ ਹੈ ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਨੇ ਪੰਜਾਬ ਸੰਭਾਲੋ ਮੁਹਿੰਮ ਤਹਿਤ ਇਹ ਜੁਆਨਿੰਗਾ ਹੋ ਰਹੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਅੱਜ ਤੋਂ ਤੁਸੀਂ



ਆਪਣੇ ਆਪ ਨੂੰ ਇਕੱਲੇ ਮਹਿਸੂਸ ਨਹੀਂ ਕਰਨਾ ਬਸਪਾ ਤੁਹਾਡੇ ਨਾਲ ਖੜੀ ਹੈ ਬਸਪਾ ਵਿੱਚ ਤੁਹਾਡਾ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ ਇਸ ਮੌਕੇ ਤੇ ਰੌਸ਼ਨ ਲਾਲ ਨੰਬਰਦਾਰ, ਅਸ਼ੋਕ ਕੁਮਾਰ, ਜਸਵੀਰ ਸਿੰਘ, ਪ੍ਰੇਮ ਚੰਦ,ਕਰਮ ਚੰਦ ਅਤੇ ਬਲਜਿੰਦਰ ਰਾਮ ਸੱਤ ਪਰਿਵਾਰ ਪਿੰਡ ਫੂਸਾ ਮੰਡੀ ਕਾਂਗਰਸ ਪਾਰਟੀ ਛੱਡ ਕੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋਏ।

# ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਵਿਖੇ ਨਸ਼ਿਆਂ ਖ਼ਿਲਾਫ਼ ਕਰਵਾਇਆ ਜਾਗਰੂਕਤਾ ਸੈਮੀਨਾਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਰਾਜਿੰਦਰ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਹੁਸ਼ਿਆਰਪੁਰ ਨੀਰਜ ਗੋਇਲ ਵੱਲੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਤਹਿਤ ਅੱਜ ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਵਿਖੇ ਕੇਂਦਰ ਦੇ ਕਾਊਂਸਲਰ ਪ੍ਰਸ਼ਾਂਤ ਆਦੀਆ ਦੀ ਹਾਜ਼ਰੀ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਤੋਂ ਚੀਫ ਲੀਗਲ ਏਡ ਡਿਫੈਂਸ ਕਾਊਂਸਲ ਐਡਵੋਕੇਟ ਵਿਸ਼ਾਲ ਕੁਮਾਰ ਨੰਦਾ ਅਤੇ ਡਿਪਟੀ ਲੀਗਲ ਏਡ ਡਿਫੈਂਸ ਕਾਊਂਸਲ ਐਡਵੋਕੇਟ ਸੰਦੀਪ ਭਾਰਦਵਾਜ ਵੱਲੋਂ ਜਾਗਰੂਕਤਾ ਸੈਮੀਨਾਰ ਕੀਤਾ ਗਿਆ। ਇਸ ਮੌਕੇ ਉਨ੍ਹਾਂ ਮਰੀਜ਼ਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਟੋਲ ਫ੍ਰੀ ਨੰਬਰ 15100 ਬਾਰੇ ਵੀਂ ਦੱਸਿਆ। ਇਸ ਤੋਂ ਇਲਾਵਾ ਉਹਨਾਂ ਮਰੀਜ਼ਾਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ ਅਤੇ ਉਹਨਾਂ ਦੇ ਸ਼ੰਕਿਆਂ ਦਾ ਨਿਵਾਰਨ ਕੀਤਾ। ਇਸ ਦੌਰਾਨ ਨਸ਼ਿਆਂ ਖ਼ਿਲਾਫ਼ ਪ੍ਰਣ ਵੀ ਲਿਆ ਗਿਆ। ਇਸ ਮੌਕੇ ਗੁਰਸਿਮਰਨ ਸਿੰਘ ਸਟਾਫ ਨਰਸ ਤੇ ਮਰੀਜ਼ ਹਾਜ਼ਰ ਸਨ।



# ਭਗਵਾਨ ਵਾਲਮੀਕ ਚੌਂਕ ਤੋਂ ਟਰਾਂਸਫਾਰਮਰ ਹਟਵਾਉਣ ਲਈ ਵਿਧਾਇਕ ਜਿੰਪਾ ਨੂੰ ਕੀਤਾ ਗਿਆ ਸਨਮਾਨਿਤ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਗਵਾਨ ਵਾਲਮੀਕ ਚੌਂਕ ਦੇ ਸਾਹਮਣਿਓਂ ਟਰਾਂਸਫਾਰਮਰ ਹਟਵਾਉਣ ਲਈ ਅੱਜ ਵਾਲਮੀਕਿ ਭਾਈਚਾਰੇ ਵੱਲੋਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੌਕ 'ਤੇ ਕੀਤੇ ਸਮਾਗਮ ਦੌਰਾਨ ਸੰਡੇ ਮਾਰਕੀਟ ਐਸੋਸੀਏਸ਼ਨ ਵੱਲੋਂ ਕੇਕ ਕੱਟ ਕੇ ਵਿਧਾਇਕ ਜਿੰਪਾ ਦਾ ਜਨਮ ਦਿਨ ਵੀ ਮਨਾਇਆ ਗਿਆ। ਇਸ ਮੌਕੇ ਨਗਰ ਨਿਗਮ ਦੇ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਇਸ ਮੌਕੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਗਵਾਨ ਵਾਲਮੀਕ ਚੌਕ ਸ਼ਹਿਰ ਦਾ ਕੇਂਦਰ ਬਿੰਦੂ ਹੈ ਅਤੇ ਇਸ ਦੀ ਸ਼ੋਭਾ ਵਧਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਚੌਂਕ ਦੇ ਸੁੰਦਰੀਕਰਨ ਲਈ ਰੰਗਲਾ ਪੰਜਾਬ ਸਕੀਮ ਤਹਿਤ 5 ਲੱਖ ਰੁਪਏ ਦੇ ਫੰਡ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚੌਂਕ ਦੇ ਆਲੇ-ਦੁਆਲੇ ਨੂੰ ਲਾਈਟਾਂ ਨਾਲ ਖ਼ੂਬਸੂਰਤ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਚੌਕ ਵਿੱਚ ਲੱਗਾ ਟਰਾਂਸਫਾਰਮਰ ਇਸ ਦੀ ਸ਼ੋਭਾ ਵਿੱਚ ਅੜਚਣ ਬਣਿਆ ਹੋਇਆ ਸੀ, ਜਿਸ ਨੂੰ ਨਗਰ ਨਿਗਮ ਵੱਲੋਂ ਬਿਜਲੀ ਮਹਿਕਮੇ ਨੂੰ 2.93 ਲੱਖ ਰੁਪਏ ਦੀ ਅਦਾਇਗੀ ਕਰਕੇ ਹਟਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਵਾਲਮੀਕਿ ਭਾਈਚਾਰੇ ਦੀਆਂ ਸਾਰੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਾਲਮੀਕਿ ਭਾਈਚਾਰੇ ਵੱਲੋਂ ਬਸ ਸਟੈਂਡ ਅਤੇ ਸ਼ਵ ਵਾਹਨ ਸਬੰਧੀ ਮੰਗਾਂ ਨੂੰ ਵੀ ਜਲਦ ਪੂਰਾ ਕੀਤਾ ਜਾਵੇਗਾ। ਇਸ ਮੌਕੇ ਵਾਲਮੀਕਿ ਭਾਈਚਾਰੇ ਦੇ ਆਗੂਆਂ ਵੱਲੋਂ ਸ਼ਹਿਰ ਦੇ ਵਿਕਾਸ ਅਤੇ ਸਫ਼ਾਈ ਕਰਮਚਾਰੀਆਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਲਈ ਵਿਧਾਇਕ ਜਿੰਪਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਦੌਰਾਨ ਲੰਗਰ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

# ਸੰਯੁਕਤ ਕਿਸਾਨ ਮੋਰਚਾ, ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਨੇ ਕੀਤਾ ਟਰੈਕਟਰ ਮਾਰਚ-ਬਿਜਲੀ ਸੋਧ ਬਿੱਲ, ਖੇਤੀ ਬੀਜ ਸੋਧ ਬਿੱਲ,ਚਾਰ ਲੇਬਰ ਕੋਡ,ਜੀ ਰਾਮ ਜੀ, ਨਿੱਜੀਕਰਨ ਵਿਰੁੱਧ ਕੀਤਾ ਰੋਹ ਦਾ ਪ੍ਰਗਟਾਵਾ






**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਸੰਯੁਕਤ ਕਿਸਾਨ ਮੋਰਚਾ,ਮਜ਼ਦੂਰ ਜਥਬੰਦੀਆਂ ਅਤੇ ਮੁਲਾਜ਼ਮ ਜਥਬੰਦੀਆਂ ਵਲੋਂ ਬਿਜਲੀ ਸੋਧ ਬਿੱਲ 2025, ਖੇਤੀ ਬੀਜ ਸੋਧ ਬਿੱਲ 2025,ਚਾਰ ਲੇਬਰ ਕੋਡਜ਼, ਜੀ ਰਾਮ ਜੀ ਅਤੇ ਨਿੱਜੀਕਰਨ ਦੇ ਵਿਰੁੱਧ ਇਲਾਕਾ ਨਵਾਂਸ਼ਹਿਰ ਵਿਚ ਟਰੈਕਟਰ-ਮੋਟਰ ਸਾਇਕਲ ਮਾਰਚ ਕੀਤਾ ਗਿਆ।ਇਹ ਮਾਰਚ ਲੰਗੜੋਆ ਬਾਈਪਾਸ ਤੋਂ ਸ਼ੁਰੂ ਹੋ ਕੇ ਨਵਾਂਸ਼ਹਿਰ ਅਤੇ ਵੱਖ ਵੱਖ ਪਿੰਡਾਂ ਵਿਚੋਂ ਹੁੰਦਾ ਹੋਇਆ ਪਿੰਡ ਅਸਮਾਨ ਪੁਰ ਵਿਖੇ ਸਮਾਪਤ ਹੋਇਆ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਕੁਲਵੀਰ ਸਿੰਘ,ਚਰਨਜੀਤ ਸਿੰਘ,ਕੁਲ ਹਿੰਦ ਕਿਸਾਨ ਸਭਾ ਦੇ ਜਿਲਾ ਪ੍ਰਧਾਨ ਚਰਨਜੀਤ ਸਿੰਘ ਦੌਲਤ ਪੁਰ, ਸਤਨਾਮ ਸਿੰਘ ਜਾਨੀਵਾਲ,ਰਣਜੀਤ ਸਿੰਘ, ਸਰਜੀਵਨ ਸਿੰਘ, ਬਲਵੀਰ ਸਿੰਘ,ਜਮਹੂਰੀ ਕਿਸਾਨ ਸਭਾ ਕਸ਼ਮੀਰ ਸਿੰਘ,ਕੁਲ ਹਿੰਦ ਕਿਸਾਨ ਸਭਾ ਦੇ ਆਗੂ ਜਸਵਿੰਦਰ ਸਿੰਘ ਭੰਗਲ, ਏਟਕ ਦੇ ਆਗੂ ਹਸਮਤ ਅਲੀ,ਇਫਟੂ ਦੇ ਸੂਬਾ ਕਾਰਜਕਾਰੀ ਸਕੱਤਰ ਅਵਤਾਰ ਸਿੰਘ ਤਾਰੀ,ਪੈਨਸ਼ਨਰਜ਼ ਯੂਨੀਅਨ ਦੇ ਆਗੂ ਕੁਲਦੀਪ ਸਿੰਘ ਦੌੜਕਾ, ਸਰਕਲ ਪ੍ਰਧਾਨ ਕੁਲਵਿੰਦਰ ਸਿੰਘ ਅਟਵਾਲ,ਵਿਜੇ ਕੁਮਾਰ,ਅਸ਼ਵਨੀ ਕੁਮਾਰ, ਅਸ਼ੋਕ ਕੁਮਾਰ,ਰਾਮਆਸਰਾ , ਮਦਨ ਲਾਲ,ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਦੇ ਸੂਬਾ ਸਕੱਤਰ ਜਸਵਿੰਦਰ ਸਿੰਘ, ਜਗਤਾਰ ਸਿੰਘ ਪੁੰਨੂ ਮਜਾਰਾ, ਜਸਵਿੰਦਰ ਰਾਹੋਂ, ਗੁਰਿੰਦਰ ਰਾਹੋਂ,ਗੁਰਮੁਖ ਸਿੰਘ ਫਰਾਲਾ, ਜੁਗੀ ਫਰਾਲਾ,ਕੁਲਵਿੰਦਰ ਸਿੰਘ, ਟੀ ਐਸ ਯੂ (ਭੰਗਲ)ਦੇ ਸਰਕਲ ਪ੍ਰਧਾਨ ਨੰਦ ਲਾਲ, ਠੇਕਾ ਮੁਲਾਜ਼ਮ ਯੂਨੀਅਨ ਦੇ ਆਗੂ ਹਰਪ੍ਰੀਤ ਸਿੰਘ, ਇਸਤਰੀ ਜਾਗਰਤੀ ਮੰਚ ਦੇ ਜਿਲਾ ਸਕੱਤਰ ਰੁਪਿੰਦਰ ਕੌਰ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਕਮਲਜੀਤ ਸਾਨਾਵਾ, ਜੇ ਪੀ ਐਮ ਓ ਦੇ ਆਗੂ ਸੁਰਿੰਦਰ ਭੱਟੀ ਰਾਹੋਂ, ਕਸ਼ਮੀਰ ਸਿੰਘ, ਪਰਮਿੰਦਰ ਸੰਧੂ, ਹਰਮੇਸ਼ ਲਾਲ, ਸ਼ਮਸ਼ੇਰ ਲਾਲ,ਸੀਟੂ ਦੇ ਆਗੂ ਸੁਖਦੇਵ ਸਿੰਘ,ਪੀ ਐੱਸ ਯੂ ਦੇ ਆਗੂ ਬਲਜੀਤ ਸਿੰਘ ਧਰਮਕੋਟ ਸ਼ਾਮਲ ਹੋਏ।ਇਸ ਮੌਕੇ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਬਿਜਲੀ ਸੋਧ ਬਿੱਲ ਅਤੇ ਖੇਤੀਬਾੜੀ ਬੀਜ ਸੋਧ ਬਿੱਲ ਦੋਵੇਂ ਬਿੱਲ ਕੇਂਦਰ ਸਰਕਾਰ ਤੁਰੰਤ ਰੱਦ ਕਰੇ ਲ ਬਿਜਲੀ ਅਤੇ ਖੇਤੀਬਾੜੀ ਸੂਬੇ ਦੇ ਵਿਸ਼ੇ ਹਨ ਅਤੇ ਸੂਬਾ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ ਲ ਇਹ ਦੋਵੇਂ ਬਿੱਲ ਸੂਬੇ ਦੇ ਅਧਿਕਾਰਾਂ ਤੇ ਡਾਕਾ ਹਨ ਲ ਕੇਂਦਰ ਦੀ ਸਰਕਾਰ ਦੇਸ਼ ਦੇ ਸੰਘੀ ਢਾਂਚੇ ਨੂੰ ਲਗਾਤਾਰ ਖੋਰਾ ਲਾ ਰਹੀ ਹੈ ਲ ਬਿਜਲੀ ਬਿੱਲ ਦੇ ਕਨੂੰਨ ਬਣਨ ਨਾਲ ਬਿਜਲੀ ਪੂਰੀ ਤਰ੍ਹਾਂ ਪ੍ਰਾਈਵੇਟ ਹੋ ਜਾਵੇਗੀ, ਇਸੇ ਕਰਕੇ ਪੂਰੇ ਦੇਸ਼ ਵਿਚ ਸਮਾਰਟ ਮੀਟਰ ਲਾਉਣ ਦਾ ਅਮਲ ਜਾਰੀ ਹੈ ਲ ਬਿਜਲੀ ਵੰਡ ਖੇਤਰ ਜਿਹੜਾ ਸਰਕਾਰੀ ਅਧਿਕਾਰ ਹੇਠ ਹੈ , ਪ੍ਰਾਈਵੇਟ ਹੱਥਾਂ ਵਿਚ ਚਲਾ ਜਾਵੇਗਾ ਲ ਜਿਵੇਂ ਮੋਬਾਈਲ ਚਾਰਜ ਕਰਵਾਉਣ ਲਈ ਪੈਸੇ ਪਵਾਉਣੇ ਪੈਂਦੇ ਹਨ ਇਸੇ ਤਰ੍ਹਾਂ ਬਿਜਲੀ ਲੈਣ ਲਈ ਪੈਸੇ ਪਵਾਉਣੇ ਪੈਣਗੇ ਲ ਪੈਸੇ ਖ਼ਤਮ, ਬਿਜਲੀ ਖ਼ਤਮ ਲ ਬਿਜਲੀ ਦਾ ਕੇਂਦਰੀਕਰਨ ਹੋਵੇਗਾ, ਸਬਸਿਡੀਆਂ ਖ਼ਤਮ ਹੋਣਗੀਆਂ ਅਤੇ ਖਪਤਕਾਰ ਪ੍ਰਾਈਵੇਟ ਬਿਜਲੀ ਕੰਪਨੀਆਂ ਦੀ ਲੁੱਟ ਦਾ ਸ਼ਿਕਾਰ ਹੋਵੇਗਾ ਲ ਸਰਕਾਰੀ ਭਰਤੀਆਂ ਖ਼ਤਮ ਹੋ ਜਾਣਗੀਆਂ ਅਤੇ ਮੁਲਾਜ਼ਮਾਂ ਦੀ ਗਿਣਤੀ ਸੀਮਤ ਜੋ ਜਾਵੇਗੀ ਲ ਇਸੇ ਤਰ੍ਹਾਂ ਬੀਜ ਬਿੱਲ ਦੇ ਕਨੂੰਨ ਬਣਨ ਨਾਲ ਕਿਸਾਨ ਅਪਣਾ ਬੀਜ ਬਿਨ੍ਹਾਂ ਰਜਿਸਟ੍ਰੇਸ਼ਨ ਨਹੀਂ ਵਰਤ ਸਕਣਗੇ ਲ ਦੇਸੀ ਬਦੇਸ਼ੀ ਪ੍ਰਾਈਵੇਟ ਕੰਪਨੀਆਂ ਆਪਣੇ ਬੀਜ ਮਨਚਾਹੇ ਰੇਟਾਂ ਤੇ ਵੇਚਣਗੀਆਂ ਲ ਖੋਜ ਕਰਨ ਵਾਲੀਆਂ ਖੇਤੀਬਾੜੀ ਯੂਨੀਵਰਸਿਟੀਆਂ ਬੰਦ ਹੋ ਜਾਣਗੀਆਂ ਅਤੇ ਸਿੰਜੇਂਟਾ, ਬਾਇਰ, ਕੋਰਟੇਵਾ ਐਗਰੀਸਾਇੰਸ ਵਰਗੀਆਂ ਬਦੇਸ਼ੀ ਕੰਪਨੀਆਂ ਦੇ ਬੀਜ ਮੰਡੀ ਵਿਚ ਵਿਕਣਗੇ ਲ ਕੇਂਦਰ ਦੀ ਸਰਕਾਰ ਇਹਨਾਂ ਕਨੂੰਨਾਂ ਨਾਲ ਖੇਤੀ ਕਾਰਪੋਰੇਟਾਂ ਹਵਾਲੇ ਕਰਨ ਜਾ ਰਹੀ ਹੈ ਇਸਦਾ ਡੱਟਵਾਂ ਵਿਰੋਧ ਕੀਤਾ ਜਾਵੇਗਾਲ ਉਹਨਾਂ ਕਿਹਾ ਕਿ ਪੰਜਾਬ ਦੀ ਸਰਕਾਰ ਵੀ ਮੂਕ ਦਰਸ਼ਕ ਬਣੀ ਹੋਈ ਹੈ ਲ ਇਹ ਵਿਧਾਨ ਸਭਾ ਵਿਚ ਇਹਨਾਂ ਨੂੰ ਮਨਜ਼ੂਰੀ ਨਾ ਦੇਵੇ ਲ ਕੇਂਦਰ ਸਰਕਾਰ ਨੇ ਜੇਕਰ ਦੋਵੇਂ ਬਿੱਲ ਵਾਪਿਸ ਨਾ ਲਏ ਤਾਂ ਪੂਰੇ ਦੇਸ਼ ਵਿਚ ਸਰਕਾਰ ਖਿਲਾਫ਼ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ ਤੇ ਸਰਕਾਰ ਤਿੱਖੇ ਵਿਰੋਧ ਦਾ ਸਾਹ-ਮਣਾ ਕਰਨ ਲਈ ਤਿਆਰ ਰਹੇ ਲ ਮੋਦੀ ਸਰਕਾਰ ਵਲੋਂ ਲਾਗੂ ਕੀਤੇ ਗਏ ਚਾਰ ਲੇਬਰ ਕੋਡ ਮਜ਼ਦੂਰ ਵਰਗ ਉੱਤੇ ਬਹੁਤ ਵੱਡਾ ਹਮਲਾ ਹਨ।ਇਸ ਨਾਲ ਯੂਨੀਅਨ ਬਣਾਉਣ ਅਤੇ ਹੜਤਾਲ ਕਰਨ ਦਾ ਅਧਿਕਾਰ ਖ਼ਤਮ ਹੋ ਜਾਵੇਗਾ, ਪੱਕੀਆਂ ਨੌਕਰੀਆਂ ਖ਼ਤਮ ਹੋ ਜਾਣਗੀਆਂ। ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਮਗਨਰੇਗਾ ਨੂੰ ਬਦਲਕੇ 'ਵਿਕਸਤ ਭਾਰਤ ਜੀ ਰਾਮ ਜੀ' ਕਾਨੂਨ ਲਿਆਂਦਾ ਹੈ ਜੋ ਮਜ਼ਦੂਰ ਵਿਰੋਧੀ ਹੈ। ਉਹਨਾਂ ਕਿਹਾ ਕਿ 30 ਦਸੰਬਰ ਨੂੰ ਇਲਾਕਾ ਔੜ ਵਿਚ, 1 ਜਨਵਰੀ ਨੂੰ ਇਲਾਕਾ ਬਲਾਚੌਰ,ਅਤੇ 3 ਜਨਵਰੀ ਨੂੰ ਇਲਾਕਾ ਬੰਗਾ ਵਿਚ ਟਰੈਕਟਰ ਮਾਰਚ ਕੱਢੇ ਜਾਣਗੇ।16 ਜਨਵਰੀ ਨੂੰ ਪਾਵਰਕਾਮ ਦੇ ਸਰਕਲ ਨਵਾਂਸ਼ਹਿਰ ਦਫ਼ਤਰ ਅੱਗੇ ਵੱਡੀ ਗਿਣਤੀ ਵਿਚ ਧਰਨਾ ਦਿੱਤਾ ਜਾਵੇਗਾ ਜਿਸਦੀਆਂ ਤਿਆਰੀਆਂ ਜ਼ੋਰਾਂ ਤੇ ਚੱਲ ਰਹੀਆਂ ਹਨ।

# ਸਵੱਛਤਾ ਬਿਨ ਸੇਵਾ ਵੈਲਫੇਅਰ ਸੋਸਾਇਟੀ ਨੇ ਕੀਤੀ ਸਫਾਈ, ਚਾਇਨਾ ਡੋਰ ਤੋਂ ਬਚਣ ਅਤੇ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕਤਾ ਫੈਲਾਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਅੱਜ ਸਥਾਨਕ ਸ਼ਹਿਰ ਦੇ ਸੈਸ਼ਨ ਚੌਕ ਵਿਖੇ, ਸਵੱਛਤਾ ਬਿਨ ਸੇਵਾ ਧਰਮ ਵੈਲਫੇਅਰ ਸੋਸਾਇਟੀ ਨੇ ਸਫਾਈ ਬਾਰੇ ਜਾਗਰੂਕਤਾ ਫੈਲਾਈ ਅਤੇ ਲੋਕਾਂ ਨੂੰ ਚਾਇਨਾ ਡੋਰ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ। ਕਮੇਟੀ ਨੇ ਕਿਹਾ ਕਿ ਛੁੱਟੀਆਂ ਚੱਲ ਰਹੀਆਂ ਹਨ ਅਤੇ ਬੱਚੇ ਪਤੰਗ ਉਡਾਉਣ ਲਈ ਉਤਸੁਕ ਹਨ। ਮਾਪਿਆਂ ਨੂੰ ਆਪਣੇ ਬੱਚਿਆਂ ਲਈ ਚਾਇਨਾ ਡੋਰ ਖਰੀਦਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਚਾਇਨਾ ਡੋਰ ਪੰਛੀਆਂ ਲਈ ਨੁਕ-ਸਾਨਦੇਹ ਹੋ ਰਹੀਆਂ ਹਨ ਅਤੇ ਪੈਦਲ ਚੱਲਣ ਵਾਲਿਆਂ ਦੇ ਗਲੇ, ਨੱਕ ਜਾਂ ਮੂੰਹ ਵਿੱਚ ਸੱਟਾਂ ਵੀ ਲਗਾ ਰਹੀਆਂ ਹਨ। ਕਮੇਟੀ ਮੈਂਬਰਾਂ ਨੇ ਲੋਕਾਂ ਨੂੰ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣ ਦੀ ਵੀ ਅਪੀਲ ਕੀਤੀ। ਕਮੇਟੀ ਨੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਵੀ ਉਤਸ਼ਾਹਿਤ ਕੀਤਾ। ਇਸ ਮੌਕੇ ਅਮਿਤ ਸ਼ਰਮਾ, ਰਾਜਨ, ਡਿੰਪਲ, ਹਰਮਨ ਜੈਸਮੀਨ ਕੌਰ, ਕਰਨਦੀਪ ਸਿੰਘ, ਮਨਪ੍ਰੀਤ ਕੌਰ, ਦੀਕਸ਼ਾ ਭਾਰਤੀ ਮੌਜੂਦ ਸਨ।



# ਵੀ.ਬੀ.ਜੀ ਰਾਮ- ਜੀ ਨਵਾਂ ਕਾਨੂੰਨ ਰੱਦ ਕਰਕੇ ਮਨਰੇਗਾ ਬਿੱਲ 2005 ਨੂੰ ਮੁੜ ਲਾਗੂ ਕੀਤਾ ਜਾਵੇ : ਢੋਲਣਮਾਜਰਾ





**ਰੂਪਨਗਰ (ਚਰਨਜੀਤ ਸੱਲ੍ਹਾਂ)** ਮਿਤੀ 29 ਦਸੰਬਰ 2025 ਸ.ਗੁਰਮੁਖ ਸਿੰਘ ਢੋਲਣਮਾਜਰਾ ਨੇ ਪ੍ਰੈਸੱ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਕੇਂਦਰ ਸਰਕਾਰ ਨੇ ਹਾਲ ਵਿੱਚ ਹੀ ਮਨਰੇਗਾ ਦਾ ਨਾਮ ਬਦਲ ਕੇ ਜੀ.ਰਾਮ.ਜੀ ਜੋ ਬਿੱਲ ਪਾਸ ਕੀਤਾ ਹੈ ਇਸ ਸਬੰਧੀ ਕੇਂਦਰ ਸਰਕਾਰ ਦੀ ਘੋਰ ਨਿੰਦਿਆ ਕਰਦਿਆਂ ,ਇਸਨੂੰ ਤੁਰੰਤ ਰੱਦ ਕਰਕੇ ਪਿੰਡਾਂ ਵਿੱਚ ਕੰਮ ਕਰਨ ਵਾਲੇ ਕਿਰਤੀਆਂ ਲਈ ਪਹਿਲਾਂ ਵਾਲਾ ਮਨਰੇਗਾ ਐਕਟ 2005 ਨੂੰ ਲਾਗੂ ਕਰਨ ਲਈ ਕੇਂਦਰ ਸਰਕਾਰ ਤੋਂ ਪੂਰਜੋਰ ਮੰਗ ਕੀਤੀ ਹੈ।

ਉਪਰੋਕਤ ਮਾਮਲੇ ਨੂੰ ਲੈਕੇ ਅੱਜ ਪੂਰੇ ਪੰਜਾਬ ਵਿੱਚ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦੇਣ ਦੀ ਲੜੀ ਵਿੱਚ ਰੂਪਨਗਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਵੀ ਮੰਗ ਪੱਤਰ ਦੇਕੇ ਦੇਸ਼ ਦੇ ਮਾਣਯੋਗ ਰਾਸ਼ਟਰਪਤੀ ਜੀ ਤੋਂ ਮੰਗ ਕੀਤੀ ਗਈ ਹੈ। ਸ.ਜਗਦੀਸ਼ ਸਿੰਘ ਹਵੇਲੀ ਸਾਬਕਾ ਜਨਰਲ ਸਕੱਤਰ ਬਸਪਾ ਜ਼ਿਲ੍ਹਾ ਰੂਪਨਗਰ ਨੇ ਵੀ ਇਸ ਨਵੇਂ ਐਕਟ ਦੀ ਘੋਰ ਨਿੰਦਿਆ ਕਰਦੇ ਹੋਏ ਕਿਹਾ ਕਿ ਇਸ ਨਵੇਂ ਬਿੱਲ ਨਾਲ ਕਰੋੜਾਂ ਗਰੀਬ ਲੋਕਾਂ ਦੇ ਚੁੱਲ੍ਹੇ ਬੰਦ ਹੋ ਜਾਣਗੇ। ਸ੍ਰੀ ਹਵੇਲੀ ਨੇ ਪੁਰਜੋਰ ਮੰਗ ਕੀਤੀ ਹੈ ਕਿ ਜੀ.ਰਾਮ.ਜੀ ਬਿੱਲ 2025 ਨੂੰ ਰੱਦ ਕਰਨ ਦੇ ਨਾਲ ਮਜ਼ਦੂਰਾਂ ਦੇ ਕੰਮ ਦੇ ਦਿਨਾਂ ਦੀ ਗਿਣਤੀ ਵਧਾਉਣ ਸਮੇਤ ਮਜ਼ਦੂਰਾਂ ਦੀ ਉਜਰਤ ਘੱਟੋ-ਘੱਟ ਅੱਠ ਸੌ ਰੁਪਏ ਪ੍ਰੀ ਦਿਹਾੜੀ ਤਹਿ ਕੀਤੀ ਜਾਵੇ।



ਕਾਮਰੇਡ ਗੁਰਦੇਵ ਸਿੰਘ ਬਾਗੀ ਨੇ ਵੀ ਕੇਂਦਰ ਸਰਕਾਰ ਦੀ ਨਿੰਦਿਆ ਕਰਦੇ ਹੋਏ ਕਿਹਾ ਕਿ ਇਹ ਬਿੱਲ ਜਿੱਥੇ ਕਿਰਤੀਆਂ ਲਈ ਮਾਰੂ ਹੈ ,ਉੱਥੇ ਪੰਚਾਇਤਾਂ ਦੇ ਅਧਿਕਾਰਾਂ ਤੇ ਵੀ ਡਾਕਾ ਮਾਰਨ ਦੇ ਸਮਾਨ ਹੈ।ਮੁਲ-ਜ਼ਮ ਆਗੂ ਬਨਬਾਰੀ ਲਾਲ ਮੱਟੂ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਬਦਲਾਅ ਵਾਲਾ ਦੇਸ਼ ਦੇ ਕਿਰਤੀਆਂ ਲਈ ਬੇਹੱਦ ਖਤਰਨਾਕ ਸਾਬਤ ਹੋਵੇਗਾ।

ਮੰਗ ਪੱਤਰ ਦੇਣ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਬਾਗ ਵਿਖੇ ਵਿਸ਼ਾਲ ਰੈਲੀ ਕਰਨ ਉਪਰੰਤ ਮੰਗ ਪੱਤਰ ਐੱਸ.ਡੀ.ਐੱਮ ਸੀ. ਬਲਜਿੰਦਰ ਸਿੰਘ ਢਿੱਲੋਂ ਜੀ ਨੂੰ ਸੌਂਪਿਆ ਗਿਆ।

ਇਸ ਮੌਕੇ ਗੋਲਡੀ ਪੁਰਖਾਲੀ ਸਾਬਕਾ ਜ਼ਿਲ੍ਹਾ ਪ੍ਰਧਾਨ ਬਹੁਜਨ ਸਮਾਜ ਪਾਰਟੀ, ਬਜਿੰਦਰ ਪੰਡਤ , ਸੁਖਵਿੰਦਰ ਸਿੰਘ ਦੁੱਮਣਾ ,ਗੁਰਪਾਲ ਸਿੰਘ ਸ਼ਾਮਪੁਰਾ , ਪ੍ਰੇਮ ਚੰਦ ਜੱਟਪੁਰਾ ,ਗੁਰਸ਼ਰਨ ਸਿੰਘ, , ਕੁਲਦੀਪ ਸਿੰਘ ਜ਼ਿਲ੍ਹਾ ਪ੍ਰਧਾਨ ,ਅਮਰਿੰਦਰ ਕੌਰ, ਰਣਜੀਤ ਕੌਰ ,ਪਰਵਿੰਦਰ ਕੌਰ, ਕਮਲਜੀਤ ਕੌਰ ,ਸੋਨੀ ਕੁਮਾਰ ਅਨੰਦਪੁਰ ਸਾਹਿਬ ਅਤੇ ਸੁਖਵਿੰਦਰ ਸਿੰਘ ਚਮਕੌਰ ਸਾਹਿਬ ਹਾਜ਼ਰ ਸਨ।

**ਜਾਰੀ ਕਰਤਾ...ਗੁਰਮੁਖ ਸਿੰਘ ਢੋਲਣਮਾਜਰਾ**
**ਮੋਬਾਈਲ..9041860662**

# "ਦ ਸਨ ਦੇ ਬੋਰਡਿੰਗ ਪਬਲਿਕ ਸਕੂਲ ਸ਼ਾਮ ਚੁਰਾਸੀ ਵਿਖੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾਪੂਰਵਕ ਮਨਾਇਆ ਗਿਆ







**ਹੁਸ਼ਿਆਰਪੁਰ / ਸ਼ਾਮ ਚੁਰਾਸੀ ( ਤਰਸੇਮ ਦੀਵਾਨਾ )** - ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ 'ਦ ਸਨ ਦੇ ਬੋਰਡਿੰਗ ਪਬਲਿਕ ਸਕੂਲ' ਵਿਖੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ

**ਸਾਹਿਬਜ਼ਾਦਿਆਂ ਨੇ ਈਨ ਨਹੀ ਮੰਨੀ ਧਰਮ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ : ਪ੍ਰਿੰਸੀਪਲ ਧਰਮ ਪਾਲ**

ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ 'ਸ਼ਹੀਦੀ ਸਭਾ' ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਸ਼ਹੀਦਾਂ ਨੂੰ ਨਤਮਸਤਕ ਹੁੰਦਿਆਂ ਆਪਣੀ ਅਕੀਦਤ ਦੇ ਫੁੱਲ ਭੇਟ ਕੀਤੇ । ਸਮਾਗਮ ਦੀ ਸ਼ੁਰੂਆਤ ਦੌਰਾਨ ਵਿਦਿਆਰਥੀਆਂ ਵੱਲੋਂ ਜਪੁਜੀ ਸਾਹਿਬ ਜੀ ਦੇ ਪਾਠ ਅਤੇ ਸ਼ਬਦ ਕੀਰਤਨ ਗਾਇਨ ਕੀਤਾ ਗਿਆ।ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨਾਲ ਸਬੰਧਤ ਕਵਿਤਾਵਾਂ ਸੁਣਾਈਆਂ ਅਤੇ ਭਾਸ਼ਣਾਂ ਰਾਹੀਂ ਸਰਹਿੰਦ ਦੀਆਂ ਨੀਹਾਂ ਦੇ ਖੂਨੀ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ। ਪ੍ਰਿੰਸੀਪਲ ਧਰਮਪਾਲ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸਾਹਿਬਜ਼ਾਦਿਆਂ ਨੇ ਜ਼ੁਲਮ ਅੱਗੇ ਗੋਡੇ ਨਹੀਂ ਟੇਕੇ ਅਤੇ ਧਰਮ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ।

ਪ੍ਰਿੰਸੀਪਲ ਧਰਮ ਪਾਲ ਨੇ ਕਿਹਾ ਕਿ ਅਜਿਹੇ ਸਮਾਗਮ ਕਰਵਾਉਣ ਦਾ ਮੁੱਖ ਮਕਸਦ ਨਵੀਂ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਅਤੇ ਸ਼ਾਨਾਮੱਤੇ ਇਤਿਹਾਸ ਨਾਲ ਜੋੜਨਾ ਹੈ। ਉਨ੍ਹਾਂ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਨਿਡਰ ਬਣਨ ਅਤੇ ਸੱਚ ਦੇ ਰਾਹ 'ਤੇ ਚੱਲਣ ਦਾ ਸੁਨੇਹਾ ਦਿੱਤਾ। ਸਮਾਗਮ ਦੇ ਅੰਤ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਧਰਮਪਾਲ ਨੇ ਬੱਚਿਆਂ ਦੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਬੱਚਿਆਂ ਨੂੰ ਇਸ ਇਤਿਹਾਸਕ ਸ਼ਹੀਦੀ ਦਿਹਾੜੇ ਦੀ ਮਹੱਤਤਾ ਤੋਂ ਜਾਣੂ ਕਰਵਾਉਣ। ਇਸ ਦੌਰਾਨ ਬੱਚਿਆਂ ਨੇ ਕੀਰਤਨ ਕਰ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ । ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।

**ਫੋਟੋ ਅਜਮੇਰ ਦੀਵਾਨਾ**

# 2 ਜਨਵਰੀ ਨੂੰ ਜ਼ਿਲ੍ਹਾ ਮੁਕਤਸਰ ਸਾਹਿਬ ਵਿਖੇ ਪਹੁੰਚ ਦੀ ਅਪੀਲ ਕੀਤੀ :ਕੁਲਦੀਪ ਸਿੰਘ

**ਸਰਦੂਲਗੜ੍ਹ ਮੁਕਤਸਰ ਸਾਹਿਬ (ਚਰਨਜੀਤ ਸੱਲ੍ਹਾਂ )** ਸਾਰੇ ਹੀ ਸਤਿਕਾਰਯੋਗ ਆਗੂ ਸਹਿਬਾਨਾਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਜਿਸ ਤਰਾਂ ਆਪਾਂ ਸਭ ਨੂੰ ਪਤਾ ਲੱਗ ਚੁੱਕਿਆ ਹੈ ਕਿ ਕੇਂਦਰ ਦੀ ਮੌਜੂਦਾ ਸਰਕਾਰ ਬਹੁਜਨ ਖਾਸ ਕਰਕੇ ਮਿਹਨਤਕਸ਼ ਵਰਗ ਦੇ ਵਿਰੁੱਧ ਪੂਰਣ ਰੂਪ ਵਿਚ ਨੰਗੀ ਹੋ ਚੁਕੀ ਹੈ। ਕਿਉਂਕਿ ਇਸ ਸਰਕਾਰ ਵਲੋਂ ਇੱਕ ਵੀ ਫੈਂਸਲਾ ਮਜਦੂਰ ਵਰਗ ਦੇ ਹਿੱਤ ਵਿਚ ਨਹੀਂ ਲਿਆ ਪ੍ਰੰਤੂ ਇਨ੍ਹਾਂ ਦੇ ਵਿਰੁੱਧ ਹੀ ਸਭ ਫੈਂਸਲੇ ਲਏ ਜਾ ਰਹੇ ਹਨ। ਪਿਛਲੇ ਸਰਦ ਰੁੱਤ ਦੇ ਸੰਸਦ ਦੇ ਸੈਸ਼ਨ ਦੌਰਾਨ ਪਹਿਲਾਂ ਤੋਂ ਚਲਦਾ ਮਨਰੇਗਾ ਪ੍ਰੋਗਰਾਮ ਬਦਲ ਕੇ ਜਿਹੜਾ ਵਿਕ-ਸਿਤ ਭਾਰਤ ਜੀ ਰਾਮ ਜੀ ਨਾਂ ਦਾ ਨਵਾਂ ਬਿੱਲ ਪਾਸ ਕਰਕੇ ਫੇਰ ਬਦਲ ਕੀਤਾ ਹੈ। ਉਸ ਰਾਹੀਂ ਮਜਦੂਰ ਵਰਗ ਨੂੰ ਹੋਰ ਵੀ ਵਧੇਰੇ ਮੁਸ਼ਕਲ ਹੋਵੇਗੀ ਆਪਣੀ ਰੋਜ਼ੀ ਰੋਟੀ ਚਲਾਉਣ ਵਿਚ। ਇਸ ਲਈ ਸੂਬਾ ਪੱਧਰ ਤੇ ਇਸ ਕਨੂੰਨ ਦੇ ਵਿਰੋਧ ਵਿਚ ਰੋਸ ਪ੍ਰਦਰਸ਼ਨ ਕਰਨ ਦਾ ਫੈਂਸਲਾ ਲਿਆ ਗਿਆ ਹੈ।

ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦਾ





ਪ੍ਰੋਗਰਾਮ
ਮਿਤੀ : 02.01.2026
ਦਿਨ : ਸ਼ੁਕਰਵਾਰ
ਟਾਈਮ-10.30 ਵਜੇ
ਸਥਾਨ -ਗੁਰਦਵਾਰਾ ਤਰਨਤਾਰਨ ਸਾਹਿਬ ਬਠਿੰਡਾ ਚੋਂਕ ਤੋਂ ਰੋਸ ਮਾਰਚ ਸ਼ੁਰੂ ਹੋਰ ਕੇ ਡੀਸੀ ਦਫ਼ਤਰ ਮੁਕਤਸਰ ਵਿਖੇ ਧਛ ਸਾਹਿਬ ਨੂੰ ਮੈਮੋਰੇਡਮ ਦਿਤਾ ਜਾਵੇਗਾ
ਸਾਰੇ ਹੀ ਸਾਥੀਆ ਨੂੰ ਬੇਨਤੀ ਹੈ ਕੀ ਦਿਤੇ ਹੋਏ ਟਾਈਮ ਤੇ ਪੁਹੰਚਣ ਦੀ ਕਿਰਪਾਲਤਾ ਕਰਨੀ

**ਵਲੋਂ**
**ਬੀਬੀ ਸ਼ਿਲਾ ਰਾਣੀ ਗੁਰੂਸਰ**
**ਸਕੱਤਰ ਬਸਪਾ ਪੰਜਾਬ**

**———**

**ਬਲਕਾਰ ਸਿੰਘ ਲੱਖੇਵਾਲੀ**
**ਜਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ।**

# ਧਾਰਮਿਕ, ਸਮਾਜਿਕ ਤੇ ਰਾਜਨੀਤਕ ਸਖਸ਼ੀਅਤਾਂ ਵਲੋਂ ਅਜੈ ਸੰਧੂ ਨੂੰ ਸ਼ਰਧਾਂਜਲੀਆਂ ਭੇਟ ਕਈ ਵੱਡੇ ਆਗੂ ਹੋਏ ਅੰਤਿਮ ਅਰਦਾਸ ਸਮੇਂ ਸ਼ਾਮਲ

## ਜਬਾਨੀ ਬਚਾਉਣ ਲਈ ਪੰਜਾਬ ਸੰਭਾਲਣ ਦੀ ਲੋੜ: ਆਗੂ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** - ਪਿਛਲੇ ਦਿਨੀਂ ਗੁਆਂਢੀਆਂ ਦਾ ਝਗੜਾ ਨਿਪਟ-ਾਉਣ ਦੀ ਕੋਸ਼ਿਸ਼ ਸਮੇਂ ਕੁੱਟ ਮਾਰ ਤੋਂ ਬਾਦ ਮੌਤ ਦਾ ਸ਼ਿਕਾਰ ਹੋਏ ਅਜੈ ਕੁਮਾਰ ਸੰਧੂ ਦੀ ਅੰਤਿਮ ਅਰਦਾਸ ਮੌਕੇ ਗੁਰਦੁਆਰਾ ਕਲਗੀਧਰ ਸਾਹ-ਮਣੇ ਰੋਸ਼ਨ ਗਰਾਉਂਡ ਹੁਸ਼ਿਆਰਪੁਰ ਵਿਖੇ ਵਿਸ਼ੇਸ਼ ਸ਼ਰਧਾਂਜਲੀ ਸਮਾਗਮ ਹੋਇਆ। ਇਸ ਮੌਕੇ ਵੱਖ ਵੱਖ ਧਾਰਮਿਕ, ਸਮਾਜਿਕ ਤੇ ਰਾਜਨੀਤਕ ਪਾਰਟੀਆਂ ਦੇ ਆਗੂਆਂ,ਸੱਜਣਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਵਲੋਂ ਅਜੈ ਕੁਮਾਰ ਸੰਧੂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ । ਇਸ ਮੌਕੇ ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿਚ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ, ਮੇਅਰ ਸੁਰਿੰਦਰ ਕੁਮਾਰ, ਇੰਜੀ. ਜਸਵੰਤ ਰਾਏ ਦਫਤਰ ਸੈਕਟਰੀ ਬਸਪਾ ਪੰਜਾਬ, ਵਿਸ਼ੇਸ਼ ਤੌਰ ਤੇ ਹਾਜਰ ਸਨ।

ਸਮਾਜ ਵੀਕਲੀ ਨਿਊਜ਼

ਇਸ ਮੌਕੇ ਅਜੈ ਸੰਧੂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਕਿਹਾ ਕਿ ਅਜੈ ਸੰਧੂ ਦਾ ਸਾਰਾ ਪਰਿਵਾਰ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਅੰਦੋਲਨ ਨਾਲ ਜੁੜਿਆ ਹੋਇਆ ਹੈ। ਅਜੈ ਸੰਧੂ ਦਾ ਬਹਿਸ਼ੀਆਨੇ ਤਰੀਕੇ ਨਾਲ ਕਤਲ ਜਿਥੇ ਸਰਕਾਰਾਂ ਦੇ ਸਿਸਟਮ ਉਤੇ ਸਵਾਲ ਖੜੇ ਕਰਦਾ ਹੈ ਓਥੇ ਪੰਜਾਬ ਅੰਦਰ ਫੇਲ ਹੋਈ ਕਨੂੰਨ ਵਿਵਸਥਾ ਲਈ ਜਿੰਮੇਵਾਰ ਲੋਕਾਂ



ਨੂੰ ਦੋਸ਼ੀ ਠਹਿਰਾਓਂਦਾ ਹੈ। ਕਰੀਮਪੁਰੀ ਨੇ ਕਿਹਾ ਕਿ ਪੰਜਾਬ ਅੰਦਰ ਪਿਛਲੇ ਸਮੇਂ ਦੌਰਾਨ ਹਜ਼ਾਰਾਂ ਮਾਵਾਂ ਦੇ ਨੌਜਵਾਨ ਪੁੱਤ,ਭੈਣਾਂ ਦੇ ਭਰਾ ਨਸ਼ਿਆਂ ਕਾਰਨ ਮੌਤ ਦੇ ਮੂੰਹ ਵਿੱਚ ਚਲੇ ਗਏ ਹਨ,ਨਾਮਵਰ ਕਬੱਡੀ ਦੇ ਖਿਡਾਰੀ ਗੈਂਗਸਰਵਾਦ ਕਰਕੇ ਗੋਲੀਆਂ ਨਾਲ ਭੁੰਨੇ ਜਾ ਰਹੇ ਹਨ। ਓਨਾਂ ਕਿਹਾ ਜਬਾਨੀ ਬਚਾਉਣ ਲਈ ਪੰਜਾਬ ਸੰਭਾਲਣ ਅਤੇ ਪੰਜਾਬ ਸੰਭਾਲੋ ਮੁਹਿੰਮ ਦਾ ਹਿੱਸਾ ਬਣਨ ਦੀ ਲੋੜ ਹੈ। ।ਓਨਾਂ ਕਿਹਾ ਅਜੈ ਸੰਧੂ ਦੇ ਕਾਤਲਾਂ ਨੂੰ ਸਖਤ ਸਜ਼ਾ ਦਿਵਾਉਣ ਲਈ ਬਹੁਜਨ ਸਮਾਜ ਪਾਰਟੀ ਹਮੇਸ਼ਾ ਪਰਿਵਾਰ ਨਾਲ ਹਰ ਦੁੱਖ ਸੁੱਖ ਵਿਚ ਹਰ ਸਮੇਂ ਖੜੀ ਰਹੇਗੀ।ਇਸ ਮੌਕੇ ਮਰਹੂਮ ਅਜੈ ਸੰਧੂ ਦੇ ਪਿਤਾ ਅੰਮ੍ਰਿਤ ਲਾਲ, ਮਾਤਾ ਸੁਨੀਤਾ ਰਾਣੀ,ਪਤਨੀ ਹਰਪ੍ਰੀਤ ਕੌਰ,ਪੁੱਤਰੀ ਸੁਖਨਾਜ ਕੌਰ, ਭਰਾ ਹਰਸ਼ ਸੰਧੂ,ਤਾਇਆ ਓਮ ਲਾਲ ਸੰਧੂ,ਸੁਭਾਸ਼ ਚੰਦਰ ਸੰਧੂ ਸਕੇ ਸਬੰਧੀ ਪਰਿਵਾਰ ਹਾਜਰ ਸਨ। ਇੰਜੀ.ਸੁਰਿੰਦਰ ਸੰਧੂ ਕਨੇਡਾ ਵਲੋਂ ਇਸ ਦੁੱਖ ਦੀ ਘੜੀ ਵਿਚ ਸ਼ਾਮਲ ਹੋਣ ਵਾਲੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਦਾ ਧੰਨਬਾਦ ਕੀਤਾ ਹੈ। ਇਸ ਮੌਕੇ ਮੋਹਣ ਲਾਲ ਸੰਧੂ, ਡਾ. ਐਸ ਕੇ ਹੀਰਾ, ਕੈਪਟਨ ਆਰ ਕੇ ਹੀਰਾ, ਜਤਿੰਦਰ ਸਿੰਘ ਸੋਨੀ ਪ੍ਰਧਾਨ ਅਧਿਆਪਕ ਯੂਨੀਅਨ, ਜਸ਼ਪਾਲ ਸੁਮਨ, ਸਾਇਕ-ਲਿਸਟ ਬਲਰਾਜ ਸਿੰਘ ਚੌਹਾਨ, ਸੁਰਜੀਤ ਝੰਡੇਰੀ ਵਰਲਡ ਵਾਈਡ ਬੀ ਐਸ ਪੀ ਸਪੋਟਰ ਟੀਮ, ਕਸ਼ਮੀਰ ਲੱਧੜ, ਸਰਬਜੀਤ ਸਿੰਘ ਵਿਰਦੀ, ਵਿਜੈ ਖ਼ਾਨਪੁਰੀ ਲਹਿੰਬਰ ਰਾਮ ਝਮਟ ਮਦਨ ਸਿੰਘ ਬੈਂਸ,ਸੁਰਜੀਤ ਕੁਮਾਰ ਮਹਿੰਮੀ ਭਾਰੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

**ਫੋਟੋ ਅਜਮੇਰ ਦੀਵਾਨਾ**

# ਰਾਣਾ ਬਲਾਚੌਰੀਆ ਦੀ ਅੰਤਿਮ ਅਰਦਾਸ: ਸਿਆਸੀ ਤੇ ਧਾਰਮਿਕ ਸ਼ਖ਼ਸੀਅਤਾਂ ਨੇ ਨਮ ਅੱਖਾਂ ਨਾਲ ਦਿੱਤੀ ਸ਼ਰਧਾਂਜਲੀ

**ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ )** ਬੀਤੇ ਦਿਨੀਂ ਮੋਹਾਲੀ ਦੇ ਸੁਹਾਣਾ ਵਿਖੇ ਕਬੱਡੀ ਟੂਰਨਾਮੈਂਟ ਦੌਰਾਨ ਅਣਪਛਾਤੇ ਹਮਲਾਵਰਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਰਾਣਾ ਬਲਾਚੌਰੀਆ ਦੀ ਆਤਮਿਕ ਸ਼ਾਂਤੀ ਲਈ ਅੱਜ ਉਹਨਾਂ ਦੇ ਜੱਦੀ ਪਿੰਡ ਚਣਕੋਆ ਵਿਖੇ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਕਰਵਾਏ ਗਏ ਅੰਤਿਮ ਅਰਦਾਸ ਸਮਾਗਮ ਵਿੱਚ ਪੰਜਾਬ ਦੀਆਂ ਪ੍ਰਮੁੱਖ ਸਿਆਸੀ, ਸਮਾਜਿਕ ਅਤੇ ਧਾਰਮਿਕ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਮਾਗਮ ਦੌਰਾਨ ਪਹੁੰਚੀਆਂ ਵੱਖ-ਵੱਖ ਸ਼ਖ਼ਸੀਅਤਾਂ ਨੇ ਰਾਣਾ ਬਲਾਚੌਰੀਆ ਦੇ ਪਿਤਾ ਕੰਵਰ ਸ਼ੇਰ ਬਹਾਦਰ ਅਤੇ ਪਰਿਵਾਰਕ ਮੈਂਬਰਾਂ ਰਜੀਵ ਸਿੰਘ ਤੇ ਕੰਵਰ ਸੰਜੀਵ ਸਿੰਘ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਬੁਲਾਰਿਆਂ ਨੇ ਕਿਹਾ ਕਿ ਰਾਣਾ ਦੇ ਬੇਵਕਤੀ ਚਲੇ ਜਾਣ ਨਾਲ ਜਿੱਥੇ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਹੀ ਸਮਾਜ ਨੇ ਇੱਕ ਹੋਣ-ਹਾਰ, ਮਿਲਣਸਾਰ ਅਤੇ ਨੌਜਵਾਨ ਗੱਭਰੂ ਗੁਆ ਲਿਆ ਹੈ।

ਅੰਤਿਮ ਅਰਦਾਸ ਵਿੱਚ ਰਾਣਾ ਬਲਾਚੌਰੀਆ ਨੂੰ ਸ਼ਰਧਾਂਜਲੀ ਦੇਣ ਲਈ ਹੇਠ ਲਿਖੇ ਆਗੂ ਪਹੁੰਚੇ ਮੈਡਮ ਸੰਤੋਸ਼ ਕਟਾਰੀਆ ਹਲਕਾ



ਵਿਧਾਇਕ, ਬਲਾਚੌਰ, ਅਸ਼ੋਕਟਾਰੀਆ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ , ਅਵਿਨਾਸ਼ ਰਾਏ ਖੰਨਾ ਸਾਬਕਾ ਮੈਂਬਰ ਪਾਰਲੀਮੈਂਟ ਡਾ. ਦਲਜੀਤ ਸਿੰਘ ਚੀਮਾ ਸਾਬਕਾ ਕੈਬਨਟ ਮੰਤਰੀ ਸਰਦਾਰ ਅਵਤਾਰ ਸਿੰਘ ਕਰੀਪੁਰ ਪ੍ਰਧਾਨ ਬੀ.ਐਸ.ਪੀ. ਕੇ.ਪੀ. ਰਾਣਾ: ਸਾਬਕਾ ਵਿਧਾਨ ਸਭਾ ਸਪੀਕਰ ਠਾਕੁਰ ਰਾਮਪਾਲ ਕੈਬਨਟ ਮੰਤਰੀ, ਹਿਮਾਚਲ ਪ੍ਰਦੇਸ਼ ਰਾਜਵਿੰਦਰ ਲੱਕੀ ਐਡਵੋਕੇਟ ਜ਼ਿਲ੍ਹਾ ਪ੍ਰਧਾਨ ਬੀ.ਜੇ.ਪੀ.ਅਜੇ ਮੰਗਪੁਰ: ਜ਼ਿਲ੍ਹਾ ਪ੍ਰਧਾਨ ਕਾਂਗਰਸ ਸੁਭਾਸ਼ ਸ਼ਰਮਾ ਸੀਨੀਅਰ ਆਗੂ ਬੀ.ਜੇ.ਪੀ. ਅਤੇ ਰਾਜ ਕੁਮਾਰ ਬ੍ਰਿਗੇਡੀਅਰ ਇਸ ਮੌਕੇ ਇਲਾਕੇ ਦੇ ਭਾਰੀ ਸੰਖਿਆ ਵਿੱਚ ਸੱਜਣ-ਮਿੱਤਰ, ਰਿਸ਼ਤੇਦਾਰ ਅਤੇ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ। ਸਮੁੱਚੇ ਇਲਾਕੇ ਵਿੱਚ ਰਾਣਾ ਬਲਾਚੌਰੀਆ ਦੀ ਮੌਤ ਕਾਰਨ ਸੋਗ ਦੀ ਲਹਿਰ ਦੇਖਣ ਨੂੰ ਮਿਲੀ।

ਸਮਾਜ ਵੀਕਲੀ ਨਿਊਜ਼

# ਪਿੰਡ ਤਲਵੰਡੀ ਰਾਏ ਤੋਂ ਸ੍ਰੀ ਹਜ਼ੂਰ ਸਾਹਿਬ ਲੰਗਰ ਸੇਵਾ ਲਈ ਕਣਕ ਦਾ ਟਰੱਕ ਰਵਾਨਾ ਕੀਤਾ

**ਰਾਏਕੋਟ (ਗੁਰਭਿੰਦਰ ਗੁਰੀ)** ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਡੇਰਾ ਬਾਬਾ ਨਿਧਾਨ ਸਿੰਘ ਲੰਗਰ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਨਰਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੀ ਲੰਗਰਾ ਦੀ ਸੇਵਾ ਲਈ ਬਾਬਾ ਕਰਨੈਲ ਸਿੰਘ ਮੋਗੇ ਵਾਲਿਆਂ ਦੀ ਅਗਵਾਈ ਹੇਠ ਰਾਏਕੋਟ ਹਲਕੇ ਪਿੰਡਾਂ ਚੋ ਕਣਕ ਦਾ ਟਰੱਕ ਹਜੂਰ ਲਈ ਰਵਾਨਾ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਜਗਰਾਜ ਸਿੰਘ ਗਰੇਵਾਲ ਤਲਵੰਡੀ ਰਾਏ ਨੇ ਦੱਸਿਆ ਕਿ ਡੇਰਾ ਬਾਬਾ ਨਿਧਾਨ ਸਿੰਘ ਲੰਗਰ ਸਾਹਿਬ ਹਜੂਰ ਦੇ ਲੰਗਰ ਸੇਵਾ ਲਈ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਤਲਵੰਡੀ ਰਾਏ ਐਤੀਆਣਾ ਬੱਸੀਆਂ ਲੰਮੇ, ਬੁਰਜ ਨਕਲੀਆਂ ਬੁਰਜ ਹਰੀ ਸਿੰਘ,ਰਾਏਕੋਟ. ਸੀਲੋਆਣੀ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਣਕ ਦਾ ਟਰੱਕ ਪਿੰਡ ਤਲਵੰਡੀ ਰਾਏ ਤੋ ਬਾਬਾ ਕਰਨੈਲ ਸਿੰਘ ਮੋਗੇ ਵਾਲਿਆਂ



**ਹਜੂਰ ਸਾਹਿਬ ਕਣਕ ਦਾ ਟਰੱਕ ਰਵਾਨਾ ਕਰਨ ਸਮੇਂ ਬਾਬਾ ਕਰਨੈਲ ਸਿੰਘ ਪ੍ਰਧਾਨ ਜੁਗਰਾਜ ਸਿੰਘ ਗਰੇਵਾਲ ਤਲਵੰਡੀ ਰਾਏ ਤੇ ਹੋਰ।**

ਦੀ ਮੌਜੂਦਗੀ ਚ ਰਵਾਨਾ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜੁਗਰਾਜ ਸਿੰਘ ਗਰੇਵਾਲ ਨੇ ਲੰਗਰ ਸੇਵਾ ਲਈ ਕਣਕ ਦੇਣ ਲਈ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜਗਪਾਲ ਸਿੰਘ ਖੇਲਾ ,ਮੈਨੇਜਰ ਦਵਿੰਦਰ ਸਿੰਘ ਗਰੇਵਾਲ, ਗਗਨਦੀਪ ਸਿੰਘ ਭੰਦੋਲ, ਮਨਦੀਪ ਸਿੰਘ ਭਦੋਲ, ਹਰਪ੍ਰੀਤ ਸਿੰਘ ਚਹਿਲ, ਗੁਰਮੀਤ ਸਿੰਘ ਰਾਜੂ, ਅਮ੍ਰਿਤਪਾਲ ਸਿੰਘ, ਵਾਹਿਗੁਰੂਪਾਲ ਸਿੰਘ ਤਲਵੰਡੀ, ਹਰਜੀਤ ਸਿੰਘ ਢਿੱਲੋਂ, ਹਰਮਲਦੀਪ ਸਿੰਘ ਗਰੇਵਾਲ, ਸੁਭਪਰੀਤ ਸਿੰਘ, ਗੁਰਦੀਪ ਸਿੰਘ ,ਸੁਖਪਾਲ ਸਿੰਘ, ਲਵਪ੍ਰੀਤ ਸਿੰਘ,ਸੈਂਟਰਲ ਬੈਂਕ ਦਾ ਮੈਨੇਜਰ ਤੇ ਸਟਾਫ ਵੀ ਹਾਜ਼ਰ ਸੀ ।

# ਫ਼ਰਕ



ਲਗਦੈ ਉੱਠ ਚੱਲਿਆ ਵਿਸ਼ਵਾਸ਼ ਦੋਸਤੋ
ਆਪਣੇ ਆਪ ਤੋਂ ਵੀ ।
ਮਨ ਤਾਂ ਅੱਗੇ ਲੰਘ ਗਿਆ ਲਗਦਾ ਏ
ਹੁਣ ਪੁੰਨ ਪਾਪ ਤੋਂ ਵੀ ।
ਕੁੱਝ ਤਾਂ ਮੋਹ ਪ੍ਰਾਪਤ ਕਰ ਲੈਂਦੇ
ਮਤਰੇਈਆਂ ਮਾਵਾਂ ਤੋਂ ;
ਪਰ ਕਈ ਲੈ ਨਾ ਸਕਦੇ ਪਿਆਰ
ਆਪਣੇ ਸਕੇ ਬਾਪ ਤੋਂ ਵੀ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

# ਸੰਪਰਕ ਕਰੋ

ਪੰਜਾਹ ਕੋਹ ਲੱਖ ਰੁਪਿਆ ਦੇਣਾ ਚਿੰਤਾ ਨਹੀਂ ਤੁਸੀਂ ਕਰਨੀ,
ਛੱਡ ਕੇ ਫ਼ਿਕਰ ਵਿਆਹ ਦਾ ਹਾਜ਼ਰੀ ਪੈਲੇਸ ਦੇ ਵਿੱਚ ਭਰਨੀ
ਬਿਊਟੀ ਪਾਰਲਰ ਨਹੀਂ ਲੈ ਕੇ ਜਾਣੇ ਭਾਵੇ ਲਾਡੋ ਜਾਂ ਲਾਡਾ
ਕੁੜੀ ਮੁੰਡਾ ਤੁਸੀਂ ਲੈ ਕੇ ਆਇਓ ਬਾਕੀ ਦਾ ਕੰਮ ਸਾਡਾ

ਨਾਂ ਤੁਸੀਂ ਗਹਿਣੇ ਬਣਵਾਉਣੇ ਨਾਂ ਤੁਸੀ ਲਾਉਣਾ ਮਾਈਆਂ
ਨਾਂ ਸੱਦਣਾ ਕੋਈ ਡੀ ਜੇ ਵਾਲਾ ਨਾਂ ਹਲਵਾਈ ਨੂੰ ਸਾਈਆਂ
ਨਹ੍ਹਾ ਧੋ ਕੇ ਬਸ ਪੈਲੇਸ ਆਉਣਾ
ਹੋਰ ਨਹੀਂ ਕੰਮ ਤੁਹਾਡਾ
ਕੁੜੀ ਮੁੰਡਾ ਤੁਸੀਂ ਲੈ ਕੇ ਆਇਓ ਬਾਕੀ ਦਾ ਕੰਮ ਸਾਡਾ

ਜਾਗੋ ਦੇ ਵਿੱਚ ਪੰਦਰਾਂ ਬੀਬੀਆਂ 6,,7 ਹੋਣਗੇ ਬੰਦੇ
ਘਰ ਵਿੱਚ ਪੂਰੀ ਰੌਣਕ ਲਗੂ ਦੇਖਿਓ ਸੱਜੇ ਖੱਬੇ
ਭੈਣਾਂ ਦਾ ਵੀ ਰੋਲ ਕਰਨਗੀਆ ਜਿੰਨੇ ਫੜਨੀਆਂ ਬਾਗਾਂ
ਕੁੜੀ ਮੁੰਡਾ ਤੁਸੀਂ ਲੈ ਕੇ ਆਇਓ ਬਾਕੀ ਦਾ ਕੰਮ ਸਾਡਾ

ਚਿੰਤਾਂ ਕਰਨ ਦੀ ਲੋੜ ਕੋਈ ਨਹੀਂ ਜ਼ਰਾ ਨਹੀਂ ਘਬਰਾਉਣਾ
ਚਾਚੇ ਤਾਏ ਭੂਆ ਮਾਸੀਆਂ, ਰੁੱਸਿਆ ਨੂੰ ਨਹੀਂ ਮਨਾਉਣਾ
ਸ਼ੁੱਧ ਵੈਸ਼ਨੂੰ ਆਉਣਗੇ ਬੰਦੇ, ਨਾਂ ਸ਼ਰਾਬ ਤੇ ਨਾਂ ਪਰਾਗਾ
ਕੁੜੀ ਮੁੰਡਾ ਤੁਸੀਂ ਲੈ ਕੇ ਆਇਓ ਬਾਕੀ ਦਾ ਕੰਮ ਸਾਡਾ

ਸ਼ੁਰੂ ਤੋਂ ਲੈ ਕੇ ਆਖ਼ਿਰ ਤੱਕ ਪੂਰੀ ਹੋਊ ਸੇਵਾ
ਜੇ ਵਿਆਹ ਚੰਗਾ ਲੱਗਿਆ ਅੱਗੇ ਦਿਓ ਸੁਨੇਹਾ
ਗੁਰਮੀਤ ਡੁਮਾਣੇ ਵਾਲੇ ਨੇ ਨਵੀਆਂ ਕੱਢੀਆਂ ਕਾਢਾਂ
ਕੁੜੀ ਮੁੰਡਾ ਤੁਸੀਂ ਲੈ ਕੇ ਆਇਓ ਬਾਕੀ ਦਾ ਕੰਮ ਸਾਡਾ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

# ਸੋਝੀ

ਮਾਲਕ ਨੇ ਹਰ ਜੀਅ ਨੂੰ ਦਿੱਤੀ ਸੋਝੀ
ਦਾਤੇ ਦੀ ਨਦਰਿ ਬਖਸ਼ੀ ਰੋਟੀ ਰੋਜ਼ੀ।

ਕਾਲ ਯੁੱਗ ਮਚੀ ਵਿਕਾਰਾਂ ਦੀ ਅੱਗ
ਨੌ ਮਾਸ ਪੁੱਠਾ ਲਮਕ ਤੱਕਿਆ ਜੱਗ॥

ਗਰਭ ਅਗਨਿ ਤੋਂ ਔਖਾ ਛੁਟਕਾਰਾ ਪਾਇਆ
ਹਾੜੇ ਕੱਢ ਜਨਮਿਆ ਪੀੜਾਂ ਸਤਾਇਆ।

ਧਰਤ ਮਾਇਆ ਨਗਰੀ ਰੰਗ ਚਹੁ ਪਾਸੇ
ਭੁੱਲਿਆਂ ਰੱਬ ਅੱਖੀਂ ਵੇਖਿਆ ਰੰਗ ਤਮਾਸ਼ੇ॥

ਸੱਚਾ ਨਾਂ ਛੱਡ ਜਿੰਦ ਕਾਦਰ ਸੰਗ ਧ੍ਰੋਹ ਕਮਾਇਆ
ਜਿਸ ਸਿਰਜਿਆ ਰੂਪ ਆਪਣਾ ਉਸ ਭੁਲਾਇਆ।

ਉਮਰ ਸਾਰੀ ਬਿਤਾਈ ਮਾਇਆ ਦੀ ਵਿੱਚ ਭਾਲ
ਨਾਸ਼ਵਾਨਤਾ ਸਮਝਿਆ ਜਦੋਂ ਆਉਣ ਘੇਰਿਆ ਕਾਲ॥

ਨਾਮ ਜਪਣਾ ਤਿਆਗ ਨਾਮ ਬਣਵਾਇਆ
ਬਖਸ਼ਿਆ ਜੋ ਗੁਰੂ ਸਾਹਿਬ ਫ਼ਲਸਫ਼ਾ ਭੁਲਾਇਆ।

ਵੰਡ ਛੱਕ ਇੱਕ ਮਿਕ ਹੋਣਾ ਵੰਡੀਆਂ ਪਾਈਆਂ
ਕਿਰਤ ਘੱਟ ਆਖ ਕੀਤੀਆਂ ਹਰਾਮ ਕਮਾਈਆਂ॥

ਢਹਿ ਜੋ ਜਾਣੀ ਭੋਇ ਵਿੱਚ ਪੱਕੇ ਮਹਿਲ ਉਸਾਰੇ
ਤਨ ਧੋ ਪਵਿੱਤ ਕੀਤਾ ਮਨ ਵਿਕਾਰਾਂ ਪੈਰ ਪਸਾਰੇ।

ਮੌਤ ਦੀ ਕਚਹਿਰੀ ਵਿੱਚ ਮੁਜ਼ਰਮ ਦਾ ਨਾ ਸੁਣਨਾ ਬਿਆਨ
ਆਖੇ ਸੁਰਿੰਦਰ ਤਨ ਮਨ ਨਾਲ ਦਾਤੇ ਦਾ ਧਰ ਧਿਆਨ॥



**ਡਾ. ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

# ਫ਼ਤਿਹ ਦਾ ਸਿਰਨਾਵਾਂ

ਅਨੰਦਪੁਰੇ ਨੂੰ ਛੱਡ ਕੇ ਜਦ, ਉਹ ਰਾਹਾਂ ਦੇ ਵਿੱਚ ਆਏ ਸੀ,
ਸਬਰ ਦਾ ਪੱਲਾ ਫੜ੍ਹ ਕੇ ਸੱਚ ਦੇ, ਦੀਵੇ ਪਏ ਜਗਾਏ ਸੀ।
ਨਾ ਤਖ਼ਤ ਰਿਹਾ ਨਾ ਤਾਜ ਰਿਹਾ, ਰਿਹਾ ਸਿਦਕ ਸਿਰਨਾਵਾਂ ਸੀ,
ਉਹ ਜਿੱਤ ਗਿਆ ਸੀ ਹਾਰ ਕੇ ਵੀ, ਇਹ ਵੱਖਰਾ ਹੀ ਪਰਛਾਵਾਂ ਸੀ।

ਪਾਣੀ ਸਰਸਾ ਨਦੀ ਦਾ ਓਦੋਂ, ਬਣ ਕੇ ਕਾਲ ਹੀ ਆਇਆ ਸੀ,
ਜੋ ਹੱਸਦਾ ਵੱਸਦਾ ਟੱਬਰ, ਉਹ ਪਲਾਂ 'ਚ ਹੀ ਖਿਡਾਇਆ ਸੀ।
ਕੋਈ ਇੱਕ ਪਾਸੇ ਕੋਈ ਦੂਜੇ ਪਾਸੇ, ਵਿਛੜੇ ਹੱਥੀਂ ਪਾਲੇ ਸੀ,
ਗੁਰੂ ਗੋਬਿੰਦ ਦੇ ਹੌਸਲੇ ਤਾਂ, ਸਭ ਦੁਨੀਆ ਤੋਂ ਨਿਰਾਲੇ ਸੀ।

ਗੜ੍ਹੀ ਚਮਕੌਰ ਦੀ ਦੱਸਦੀ ਏ, ਕਿੰਝ ਚਾਲੀ ਲੱਖ ਨਾਲ ਲੜਦੇ ਸੀ,
ਉਹ ਮੌਤ ਨੂੰ ਪਾ ਕੇ ਜੱਫੀਆਂ ਓਦੋਂ, ਸੂਲੀ ਉੱਤੇ ਚੜ੍ਹਦੇ ਸੀ।
ਜਦ ਬਾਪ ਨੇ ਤੋਰੇ ਲਾਲ ਆਪਣੇ, ਮੈਦਾਨ-ਏ-ਜੰਗ ਦੇ ਵੱਲ ਨੂੰ,
ਤਾਂ ਸਾਰੇ ਜੱਗ ਨੇ ਦੇਖਿਆ ਸੀ, ਉਸ ਅਣਖੀ ਅੰਦਰਲੀ ਝੱਲ ਨੂੰ।

ਕਦੇ ਮਾਛੀਵਾੜੇ ਦੇ ਜੰਗਲਾਂ ਵਿੱਚ, ਉਹ ਕੰਡਿਆਂ ਉੱਤੇ ਸੌਂਦਾ ਸੀ,
ਯਾਦ ਇਲਾਹੀ ਦੇ ਵਿੱਚ ਬਹਿ ਕੇ, ਉਹ ਨਾ ਕਦੇ ਘਬਰਾਉਂਦਾ ਸੀ।
ਨਾ ਬਾਜ਼ ਸੀ ਕੋਲੇ ਮੋਢੇ 'ਤੇ, ਨਾ ਨੀਲਾ ਘੋੜਾ ਥੱਲੇ ਸੀ,
'ਪੀਰ ਉੱਚ ਦਾ' ਬਣ ਕੇ ਵੀ, ਉਹ ਸੱਚ ਦੇ ਰਾਹੇ ਚੱਲੇ ਸੀ।

ਜਦ ਦੀਨੇ ਬੈਠ ਕੇ ਲਿਖੀ, ਉਹ 'ਜ਼ਫ਼ਰਨਾਮੇ' ਦੀ ਚਿੱਠੀ,
ਹਾਕਮ ਦੇ ਲਈ ਜ਼ਹਿਰ ਜਿਹੀ, ਸੱਚਿਆਂ ਦੇ ਲਈ ਮਿੱਠੀ ਸੀ।
ਹਾਰ ਕੇ ਵੀ ਨਾ ਕੰਬਿਆ, ਉਹ ਗੁਰੂ ਗੋਬਿੰਦ ਦਾ ਬੰਦਾ,
"ਖਿੱਚੀ" ਜਿੱਤ ਕੇ ਵੀ ਜੋ ਡਰ ਗਿਆ, ਉਹ ਜ਼ੁਲਮ ਦਾ ਹੀ ਫੰਦਾ ਸੀ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**



# ਕੈਨੇਡਾ ਵਿੱਚ ਪੰਜਾਬੀ ਨੌਜਵਾਨ ਦੀ ਮੌਤ

## ਬਰਨਾਲਾ ਦੇ ਪਿੰਡ ਛੀਨੀਵਾਲ ‘ਚ ਸੋਗ ਦੀ ਲਹਿਰ, ਲਾਸ਼ ਵਾਪਸ ਲਿਆਉਣ ਲਈ ਮਦਦ ਦੀ ਅਪੀਲ



**ਬਰਨਾਲਾ ਗੁਰਭਿੰਦਰ ਗੁਰੀ**
ਬਰਨਾਲਾ ਜ਼ਿਲ੍ਹੇ ਦੇ ਪਿੰਡ ਛੀਨੀਵਾਲ ਦੇ 24 ਸਾਲਾ ਨੌਜਵਾਨ ਬਲਤੇਜ ਸਿੰਘ ਦੀ ਕੈਨੇਡਾ ਦੇ ਸਰੀ (ਸ਼ੁਰਰਏ) ਸ਼ਹਿਰ ਵਿੱਚ ਅਚਾਨਕ ਸਾਈਲੈਂਟ ਅਟੈਕ ਕਾਰਨ ਮੌਤ ਹੋ ਜਾਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਇਸ ਘਟਨਾ ਨਾਲ ਪਿੰਡ ਛੀਨੀਵਾਲ ਹੀ ਨਹੀਂ, ਸਗੋਂ ਪੂਰੇ ਬਰਨਾਲਾ ਜ਼ਿਲ੍ਹੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।ਮ੍ਰਿਤਕ ਬਲਤੇਜ ਸਿੰਘ ਆਪਣੇ ਪਿਤਾ ਜਗਤਾਰ ਸਿੰਘ ਅਤੇ ਮਾਤਾ ਰੁਪਿੰਦਰ ਕੌਰ ਦਾ ਇਕਲੌਤਾ ਪੁੱਤਰ ਸੀ ਅਤੇ ਮਾਪਿਆਂ ਲਈ ਇਕੋ-ਇੱਕ ਸਹਾਰਾ ਮੰਨਿਆ ਜਾਂਦਾ ਸੀ। ਉਸ ਦੀ ਅਕਾਲ ਮੌਤ ਨੇ ਪਰਿਵਾਰ ਨੂੰ ਗਹਿਰੇ ਸਦਮੇ ਵਿੱਚ ਧੱਕ ਦਿੱਤਾ ਹੈ।

ਪਰਿਵਾਰ ਸਾਹਮਣੇ ਇਸ ਸਮੇਂ ਸਭ ਤੋਂ ਵੱਡੀ ਮੁਸ਼ਕਲ ਬਲਤੇਜ ਸਿੰਘ ਦੀ ਲਾਸ਼ ਨੂੰ ਕੈਨੇਡਾ ਤੋਂ ਭਾਰਤ ਵਾਪਸ ਲਿਆਉਣ ਦੀ ਹੈ। ਜਾਣਕਾਰੀ ਮੁਤਾਬਕ ਇਸ ‘ਤੇ ਲਗਭਗ 40 ਹਜ਼ਾਰ ਕੈਨੇਡੀਅਨ ਡਾਲਰ, ਜੋ ਕਿ ਕਰੀਬ 25 ਤੋਂ 27 ਲੱਖ ਰੁਪਏ ਬਣਦੇ ਹਨ, ਦਾ ਖਰਚ ਆਵੇਗਾ। ਪਰਿਵਾਰ ਦੀ ਆਰਥਿਕ ਹਾਲਤ ਕਮਜ਼ੋਰ ਹੋਣ ਕਾਰਨ ਇਨੀ ਵੱਡੀ ਰਕਮ ਇਕੱਠੀ ਕਰਨਾ ਉਨ੍ਹਾਂ ਲਈ ਬਹੁਤ ਔਖਾ ਸਾਬਤ ਹੋ ਰਿਹਾ ਹੈ।

ਇਕ ਪਾਸੇ ਮਾਪੇ ਆਪਣੇ ਇਕਲੌਤੇ ਪੁੱਤਰ ਦੇ ਵਿਛੋੜੇ ਦਾ ਅਸਹਿਣਸ਼ੀਲ ਦੁੱਖ ਸਹਿ ਰਹੇ ਹਨ, ਦੂਜੇ ਪਾਸੇ ਵਿੱਤੀ ਤੰਗੀਆਂ ਨੇ ਉਨ੍ਹਾਂ ਦੀ ਪੀੜਾ ਨੂੰ ਹੋਰ ਵਧਾ ਦਿੱਤਾ ਹੈ।

ਮ੍ਰਿਤਕ ਦੇ ਮਾਪਿਆਂ ਦੀ ਹਾਲਤ ਨੂੰ ਦੇਖਦਿਆਂ ਜ਼ਿਲ੍ਹੇ ਦੇ ਕਈ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਵੱਲੋਂ ਲੋਕਾਂ ਨੂੰ ਅੱਗੇ ਆ ਕੇ ਮਦਦ ਕਰਨ ਦੀ ਅਪੀਲ ਕੀਤੀ ਗਈ ਹੈ, ਤਾਂ ਜੋ ਬਲਤੇਜ ਸਿੰਘ ਦੀ ਲਾਸ਼ ਨੂੰ ਜਲਦੀ ਤੋਂ ਜਲਦੀ ਉਸਦੇ ਜੱਦੀ ਪਿੰਡ ਛੀਨੀਵਾਲ ਲਿਆਂਦਾ ਜਾ ਸਕੇ ਅਤੇ ਪਰਿਵਾਰ ਆਪਣੇ ਪੁੱਤਰ ਨੂੰ ਅੰਤਿਮ ਸ਼ਰਧਾਂਜਲੀ ਅਰਪਿਤ ਕਰ ਸਕੇ।

# ਨਗਰ ਕੌਂਸਲ ਦੀਆਂ ਚੋਣਾਂ ਲਈ ਨਵੇਂ ਸਿਰੇ ਤੋਂ ਕੀਤੀ ਗਈ ਵਾਰਡਬੰਦੀ ਨੂੰ ਵਿਰੋਧੀ ਪਾਰਟੀਆਂ ਨੇ ਬਿਲਕੁਲ ਰੱਦ ਕਰ ਦਿੱਤਾ



**ਰਾਏਕੋਟ, (ਗੁਰਭਿੰਦਰ ਗੁਰੀ)** ਨਗਰ ਕੌਂਸਲ ਦੀਆਂ ਚੋਣਾਂ ਲਈ ਨਵੇਂ ਸਿਰੇ ਤੋਂ ਕੀਤੀ ਗਈ ਵਾਰਡਬੰਦੀ ਨੂੰ ਵਿਰੋਧੀ ਪਾਰਟੀਆਂ ਜਿਵੇਂ ਕਾਂਗਰਸ, ਭਾਜਪਾ ਤੇ ਅਕਾਲੀ ਦਲ ਨੇ ਬਿਲਕੁਲ ਰੱਦ ਕਰ ਦਿੱਤਾ ਹੈ। ਇਸ ਮੌਕੇ ਸਾਬਕਾ ਨਗਰ ਕੌਂਸਲ ਪ੍ਰਧਾਨ ਅਮਨਦੀਪ ਸਿੰਘ ਗਿੱਲ ਨੇ ਕਿਹਾ ਕਿ ਵਾਰਡਬੰਦੀ ਨੂੰ ਲੋਕਤੰਤਰੀ ਢੰਗ ਨਾਲ ਨਾ ਕੀਤੇ ਜਾਣ ਕਰਕੇ ਅੱਜ ਵੱਡੀ ਗਿਣਤੀ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਆਪਣੇ ਇਤਰਾਜ ਦਰਜ ਕਰਵਾਏ ਹਨ। ਜਿਹਨਾਂ ਵਿੱਚ ਸਾਬਕਾ ਨਗਰ ਕੌਂਸਲ ਪ੍ਰਧਾਨ ਸਲਿਲ ਜੈਨ, ਕੌਂਸਲਰ ਬਲਜਿੰਦਰ ਸਿੰਘ ਰਿੰਪਾ, ਕੌਂਸਲਰ ਕਮਲਜੀਤ ਵਰਮਾਂ, ਕੌਂਸਲਰ ਰਾਜਿੰਦਰ ਸਿੰਘ ਰਾਜੂ, ਕੌਂਸਲਰ ਜਸਵੀਰ ਕੌਰ, ਸਾਬਕਾ ਕੌਂਸਲਰ ਰਾਜ ਕੁਮਾਰ, ਸਾਬਕਾ ਕੌਂਸਲਰ ਬੂਟਾ ਛਾਪਾ, ਸੱਤਪਾਲ ਸਿੰਘ ਸ਼ਾਮਲ ਹਨ।

ਪ੍ਰਧਾਨ ਅਮਨਦੀਪ ਸਿੰਘ ਗਿੱਲ ਤੇ ਪ੍ਰਧਾਨ ਸਲਿਲ ਜੈਨ ਨੇ ਕਿਹਾ ਕਿ ਨਵੀਂ ਵਾਰਡਬੰਦੀ ਵਿੱਚ ਇੱਕਸਾਰਤਾ ਨਹੀਂ ਹੈ। ਕਈ ਵਾਰਡਾਂ ਵਿੱਚ ਵਸੋਂ ਘੱਟ ਵੱਧ ਦਰਜ ਕੀਤੀ ਗਈ ਹੈ। ਜਦੋਂ ਕਿ ਬਹੁਤੇ ਥਾਵਾਂ 'ਤੇ ਰਾਖਵਾਕਰਨ ਠੀਕ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਕਈ ਥਾਵਾਂ ਤੇ ਸ਼ਹਿਰ ਅੰਦਰ ਐਸਸੀ ਵਰਗ ਦੀ ਗਿਣਤੀ ਜਿਆਦਾ ਹੈ, ਪਰ ਉਹਨਾਂ ਵਾਰਡਾਂ ਨੂੰ ਜਨਰਲ ਕਰ ਦਿੱਤਾ ਗਿਆ ਹੈ। ਜਦੋਂ ਕਿ ਜਿਹੜੇ ਵਾਰਡਾਂ ਵਿੱਚ ਜਨਰਲ ਵਰਗ ਦੀ ਵੋਟ ਵੱਧ ਹੈ ਉਹਨਾਂ ਨੂੰ ਰਾਖਵਾਂ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਸ਼ਹਿਰ ਦੀ ਵਾਰਡਬੰਦੀ ਭਗੋਲਿਕ ਤੌਰ ਤੇ ਵੀ ਸਹੀ ਨਹੀਂ ਹੈ ਤੇ ਵਾਰਡਾਂ ਮੂਲ ਰੂਪ ਵਿੱਚ ਬਦਲ ਦਿੱਤਾ ਗਿਆ ਹੈ। ਜਿਸ ਕਾਰਨ ਸ਼ਹਿਰ ਵਾਸੀਆਂ ਦੇ ਸਿਰਨਾਵੇਂ ਬਦਲ ਜਾਣ ਕਾਰਨ ਉਹਨਾਂ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ। ਕਿਉਂਕਿ ਉਹਨਾਂ ਨੂੰ ਅਧਾਰ ਕਾਰਡ ਤੇ ਹੋਰ ਦਸਤਾਵੇਜ਼ਾਂ ਵਿੱਚ ਪਤਾ ਤਬਦੀਲ ਕਰਵਾਉਂਣਾ ਪਵੇਗਾ। ਇਤਰਾਜ ਦਰਜ ਕਰਾਉਣ ਵਾਲੇ ਆਗੂਆਂ ਨੇ ਕਿਹਾ ਕਿ ਨਵੀਂ ਵਾਰਡਅਬੰਦੀ ਵਿੱਚ ਸਪਸ਼ਟ ਤੌਰ 'ਤੇ ਪੱਖਪਾਤ ਕੀਤਾ ਗਿਆ ਹੈ।ਅਮਨਦੀਪ ਸਿੰਘ ਗਿੱਲ ਨੇ ਕਿਹਾ ਕਿ ਵਾਰਡਬੰਦੀ ਕਮੇਟੀ ਵਿੱਚ ਵਿਰੋਧੀ ਪਾਰਟੀਆਂ ਦਾ ਕੋਈ ਨੁਮਾਇੰਦਾ ਨਹੀਂ ਲਿਆ ਗਿਆ ਜਿਸ ਕਾਰਨ ਸੱਤਾਧਾਰੀ ਧਿਰ ਨੇ ਆਪਣੇ ਅਨੁਸਾਰ ਵਾਰਡਬੰਦੀ ਕੀਤੀ ਹੈ।

# ਕਲਮਾਂ ਦੇ ਰੰਗ ਵੈਲਫੇਅਰ ਸੁਸਾਇਟੀ ਫ਼ਰੀਦਕੋਟ ਵੱਲੋਂ ਮਨਾਈ ਜਾਵੇਗੀ 11 ਜਨਵਰੀ ਨੂੰ ਲੋਹੜੀ ਧੀਆਂ ਦੀ :- ਪ੍ਰਧਾਨ ਦਰਦੀ



**ਫ਼ਰੀਦਕੋਟ ( ਸ਼ਿਵਨਾਥ)** ਅੱਜ ਕਲਮਾਂ ਦੇ ਰੰਗ ਵੈਲਫੇਅਰ ਸੁਸਾਇਟੀ ਫ਼ਰੀਦਕੋਟ ਦੇ ਅਹੁਦੇਦਾਰ ਅਤੇ ਮੈਂਬਰ ਸਹਿਬਾਨ ਦੀ ਮੀਟਿੰਗ ਕਾਮਰੇਡ ਸ਼ਹੀਦ ਅਮੋਲਕ ਸਿੰਘ ਭਵਨ ਫ਼ਰੀਦਕੋਟ ਵਿਖੇ ਹੋਈ, ਜਿਸ ਵਿਚ ਸਰਬ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਅਲੱਗ ਅਲੱਗ ਖੇਤਰ ਵਿੱਚ ਚੰਗੀ ਕਾਰਗੁਜ਼ਾਰੀ ਕਰਨ ਵਾਲੀਆਂ ਧੀਆਂ ਦਾ ਸਨਮਾਨ ਸੁਸਾਇਟੀ ਵੱਲੋਂ 11 ਜਨਵਰੀ ਦਿਨ ਐਤਵਾਰ ਕਾਮਰੇਡ ਸ਼ਹੀਦ ਅਮੋਲਕ ਸਿੰਘ ਭਵਨ ਫ਼ਰੀਦਕੋਟ ਵਿਖੇ ਕੀਤਾ ਜਾਵੇਗਾ। ਇਸ ਸਮਾਗਮ ਦੀ ਸ਼ੁਰੂਆਤ ਲੋਹੜੀ ਬਾਲ ਕੇ ਕੀਤੀ ਜਾਵੇਗੀ । ਇਹ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਸ਼ਿਵਨਾਥ ਦਰਦੀ ਨੇ ਦੱਸਿਆ ਕਿ ਓਹ ਹਰ ਸਾਲ ਇਸੇ ਤਰਾਂ ਸੁਸਾਇਟੀ ਵੱਲੋਂ ਧੀਆਂ ਦਾ ਸਨਮਾਨ ਕਰਦੇ ਹਨ। ਓਨਾਂ ਕਿਹਾ ਕਿ ਅਜੇਹੇ ਚੰਗੇਰੇ ਕਾਰਜਾਂ ਲਈ ਸਾਡੀ ਸੁਸਾਇਟੀ ਹਮੇਸ਼ਾ ਮੂਹਰਲੀ ਕਤਾਰ ਵਿਚ ਖੜੀ ਹੈ। ਇਸ ਸਮੇਂ ਸੁਸਾਇਟੀ ਦੇ ਚੇਅਰਮੈਨ ਪ੍ਰੋ. ਬੀਰ ਇੰਦਰ ਸਰਾਂ , ਮੀਤ ਪ੍ਰਧਾਨ ਲੋਕ ਗਾਇਕ ਰਾਜ ਗਿੱਲ ਭਾਣਾ, ਕਾਨੂੰਨੀ ਸਲਾਹਕਾਰ ਐਡਵੋਕੇਟ ਪਰਦੀਪ ਅਟਵਾਲ , ਕਾਮਰੇਡ ਵੀਰ ਸਿੰਘ ਕੰਮੇਆਣਾ, ਬਲਕਾਰ ਸਿੰਘ ਸਹੋਤਾ ਆਦਿ ਹਾਜ਼ਰ ਸਨ।

# ਐਸਸੀਐਲ ਮੋਹਾਲੀ ਦੇ ਵਿਸਤਾਰ ਲਈ ਐਮ ਪੀ ਮਾਲਵਿੰਦਰ ਸਿੰਘ ਕੰਗ ਨੇ ਕੇਂਦਰ ‘ਤੇ ਬਣਾਇਆ ਦਬਾਅ

***ਕੇਂਦਰੀ ਮੰਤਰੀ ਨਾਲ਼ ਕੀਤੀ ਮੁਲਾਕਾਤ**



**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਆਮ ਆਦਮੀ ਪਾਰਟੀ ਦੇ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਮੋਹਾਲੀ ਸਥਿਤ ਸੈਮੀਕੰਡਕਟਰ ਲੈਬੋਰਟਰੀ (ਐਸਸੀਐਲ) ਦੇ ਤੁਰੰਤ ਅਪਗ੍ਰੇਡ ਅਤੇ ਵੱਡੇ ਪੱਧਰ ‘ਤੇ ਵਿਸਤਾਰ ਦੀ ਮੰਗ ਨੂੰ ਲੈ ਕੇ ਕੇਂਦਰ ਸਰਕਾਰ ‘ਤੇ ਦਬਾਅ ਬਣਾਇਆ ਹੈ। ਉਨ੍ਹਾਂ ਕਿਹਾ ਕਿ ਐਸਸੀਐਲ ਦੇਸ਼ ਦੀ ਅੰਤਰਿਕਸ਼, ਰੱਖਿਆ ਅਤੇ ਉੱਚ ਤਕਨਾਲੋਜੀਕਲ ਖੁਦਮੁਖਤਿਆਰੀ ਲਈ ਇੱਕ ਅਹਿਮ ਕੌਮੀ ਸੰਪੱਤੀ ਹੈ, ਜਿਸਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ। ਐਮਪੀ ਮਾਲਵਿੰਦਰ ਸਿੰਘ ਕੰਗ ਨੇ ਦੱਸਿਆ ਕਿ ਇਸ ਸਬੰਧ ਵਿੱਚ ਉਨ੍ਹਾਂ ਨੇ ਕੇਂਦਰੀ ਸੰਚਾਰ, ਇਲੈਕਟ੍ਰਾਨਿਕਸ ਅਤੇ ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨਾਲ ਮੁਲਾਕਾਤ ਕਰਕੇ ਐਸਸੀਐਲ ਮੋਹਾਲੀ ਦੇ ਤੁਰੰਤ ਵਿਸਤਾਰ ਦੀ ਲੋੜ ‘ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਜਦੋਂ ਪੂਰੀ ਦੁਨੀਆ ਸੈਮੀਕੰਡਕਟਰ ਤਕਨਾਲੋਜੀ ‘ਤੇ ਨਿਰਭਰ ਹੋ ਰਹੀ ਹੈ, ਤਦ ਭਾਰਤ ਲਈ ਇਹ ਲਾਜ਼ਮੀ ਹੈ ਕਿ ਉਹ ਇਸ ਖੇਤਰ ਵਿੱਚ ਆਪਣੀ ਸਮਰਥਾ ਨੂੰ ਹੋਰ ਮਜ਼ਬੂਤ ਕਰੇ। ਐਮਪੀ ਕੰਗ ਨੇ ਕਿਹਾ ਕਿ ਐਸਸੀਐਲ ਮੋਹਾਲੀ ਸਿਰਫ਼ ਇੱਕ ਸੰਸਥਾ ਨਹੀਂ, ਸਗੋਂ ਦੇਸ਼ ਦੀ ਰਣਨੀਤਿਕ ਤਾਕਤ ਦਾ ਕੇਂਦਰ ਹੈ, ਜੋ ਅੰਤਰਿਕਸ਼ ਅਤੇ ਰੱਖਿਆ ਵਰਗੇ ਸੰਵੇਦਨਸ਼ੀਲ ਖੇਤਰਾਂ ਲਈ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਆਖਿਆ ਕਿ ਐਸਸੀਐਲ ਦਾ ਅਪਗ੍ਰੇਡ ਕੇਵਲ ਸੰਸਥਾਗਤ ਵਿਸਤਾਰ ਨਹੀਂ, ਸਗੋਂ ਦੇਸ਼ ਨੂੰ ਸੰਵੇਦਨਸ਼ੀਲ ਤਕਨਾਲੋਜੀਆਂ ਵਿੱਚ ਆਤਮਨਿਰਭਰ ਬਣਾਉਣ ਵੱਲ ਇੱਕ ਅਹਿਮ ਕਦਮ ਹੈ। ਮਾਲਵਿੰਦਰ ਸਿੰਘ ਕੰਗ ਨੇ ਦੱਸਿਆ ਕਿ ਇਸ ਤੋਂ ਬਾਅਦ ਉਨ੍ਹਾਂ ਨੇ ਐਸਸੀਐਲ ਮੋਹਾਲੀ ਦਾ ਦੌਰਾ ਕਰਕੇ ਉੱਥੇ ਹੋ ਰਹੇ ਵਿਗਿਆਨਕ ਅਤੇ ਤਕਨਾਲੋਜੀਕਲ ਕੰਮਾਂ ਨੂੰ ਨੇੜਿਓਂ ਦੇਖਿਆ। ਉਨ੍ਹਾਂ ਕਿਹਾ ਕਿ ਸੰਸਥਾ ਵਿੱਚ ਚੱਲ ਰਹੀ ਉੱਚ ਪੱਧਰੀ ਰਿਸਰਚ ਅਤੇ ਉਤਪਾਦਨ ਸਮਰਥਾ ਇਹ ਸਾਬਤ ਕਰਦੀ ਹੈ ਕਿ ਜੇਕਰ ਇਸਨੂੰ ਪੂਰਾ ਸਰਕਾਰੀ ਸਹਿਯੋਗ ਮਿਲੇ, ਤਾਂ ਐਸਸੀਐਲ ਵਿਸ਼ਵ ਪੱਧਰ ‘ਤੇ ਆਪਣੀ ਪਹਿਚਾਣ ਬਣਾ ਸਕਦਾ ਹੈ।

ਐਮਪੀ ਕੰਗ ਨੇ ਇਹ ਵੀ ਸਪਸ਼ਟ ਕੀਤਾ ਕਿ ਪੰਜਾਬ ਸਰਕਾਰ ਇਸ ਮਾਮਲੇ ‘ਚ ਪੂਰੀ ਤਰ੍ਹਾਂ ਸਹਿਯੋਗ ਦੇਣ ਲਈ ਤਿਆਰ ਹੈ ਅਤੇ ਜ਼ਮੀਨ ਅਲਾਟਮੈਂਟ, ਪ੍ਰਸ਼ਾਸਕੀ ਮਨਜ਼ੂਰੀਆਂ ਅਤੇ ਹੋਰ ਸਹੂਲਤਾਂ ਸਮੇਂ-ਸਿਰ ਮੁਹੱਈਆ ਕਰਵਾਉਣ ਲਈ ਕੇਂਦਰ ਨਾਲ ਮਿਲ ਕੇ ਕੰਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ਼ ਦੇਸ਼ ਦੀ ਤਕਨਾਲੋਜੀਕਲ ਸੁਰੱਖਿਆ ਮਜ਼ਬੂਤ ਹੋਵੇਗੀ, ਸਗੋਂ ਪੰਜਾਬ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ।

ਮਾਲਵਿੰਦਰ ਸਿੰਘ ਕੰਗ ਨੇ ਆਖਿਰ ‘ਚ ਕਿਹਾ ਕਿ ਉਹ ਇਸ ਮਿਸ਼ਨ ਨੂੰ ਪੂਰੀ ਗੰਭੀਰਤਾ ਅਤੇ ਲਗਨ ਨਾਲ ਅੱਗੇ ਵਧਾਉਣਗੇ ਅਤੇ ਕੇਂਦਰ ਸਰਕਾਰ ਤੋਂ ਪੂਰੇ ਅਤੇ ਸਮੇਂ-ਬੱਧ ਸਹਿਯੋਗ ਨੂੰ ਯਕੀਨੀ ਬਣਾਇਆ ਜਾਵੇਗਾ, ਤਾਂ ਜੋ ਐਸਸੀਐਲ ਮੋਹਾਲੀ ਨੂੰ ਵਿਸ਼ਵ-ਪੱਧਰੀ ਸੈਮੀਕੰਡਕਟਰ ਕੇਂਦਰ ਵਜੋਂ ਵਿਕਸਿਤ ਕੀਤਾ ਜਾ ਸਕੇ।

ਤਸਵੀਰ:- ਸੁਖਜਿੰਦਰ ਸਿੰਘ ਢੱਡੇ

# ਮਗਨਰੇਗਾ ਕਾਨੂੰਨ ਖ਼ਤਮ ਕਰਨ ਵਿਰੁੱਧ ਨਰੇਗਾ ਮੁਲਾਜ਼ਮਾਂ ਨੇ ਜ਼ਿਲ੍ਹਾ ਪੱਧਰੀ ਧਰਨੇ ਦਿੱਤੇ

## ਮਜ਼ਦੂਰਾਂ ਦੇ ਰੁਜ਼ਗਾਰ ਦੀ ਗਰੰਟੀ ਨਾਲ ਲੋਕ ਮਾਰੂ ਕਨੂੰਨ ਵਾਪਸ ਲਵੇ ਸਰਕਾਰ – ਤਰਸੇਮ ਪੀਟਰ

**ਜਲੰਧਰ (ਹਰਜਿੰਦਰ ਸਿੰਘ ਚੰਦੀ)** -ਨਰੇਗਾ ਮੁਲਾਜ਼ਮ ਐਕਸ਼ਨ ਪੰਜਾਬ ਵੱਲੋ ਕੇਂਦਰ ਵਿੱਚ ਤੀਸਰੀ ਵਾਰ ਸੱਤਾ ਵਿੱਚ ਆਈ ਮੋਦੀ ਸਰਕਾਰ ਵੱਲੋਂ 20 ਸਾਲ ਪੁਰਾਣੇ ਕੌਮੀ ਦਿਹਾਤੀ ਰੁਜ਼ਗਾਰ ਗਰੰਟੀ ਕਾਨੂੰਨ-2005 ਦੀ ਥਾਂ ਹੁਣ ਵਿਕਸਤ ਭਾਰਤ ਗਰੰਟੀ ਫਾਰ ਰੁਜ਼ਗਾਰ ਐਂਡ ਆਜੀਵਿਕਾ ਮਿਸ਼ਨ (ਗ੍ਰਾਮੀਨ) ਲਿਆ ਕੇ ਨਰੇਗਾ ਵਿੱਚ ਵੱਡੇ ਬਦਲਾਅ ਕੀਤੇ ਹਨ। ਜਿੱਥੇ ਇਸ ਬਿੱਲ ਦੇ ਲਾਗੂ ਹੋਣ ਨਾਲ ਸੂਬਾ ਸਰਕਾਰਾਂ ਤੇ 40% ਹਿੱਸੇਦਾਰੀ ਦਾ ਵਾਧੂ ਬੋਝ ਪੈਣ ਕਾਰਨ ਬਵਾਲ ਮੱਚ ਗਿਆ ਹੈ ਉੱਥੇ 16-17 ਸਾਲਾਂ ਤੋਂ ਨਰੇਗਾ ਸਕੀਮ ਨੂੰ ਜਮੀਨੀਂ ਪੱਧਰ ਤੱਕ ਲਾਗੂ ਕਰਨ ਵਾਲੇ ਪੰਜਾਬ ਦੇ ਲਗਭਗ 2100 ਨਰੇਗਾ ਮੁਲਾਜ਼ਮਾਂ ਦਾ ਭਵਿੱਖ ਖ਼ਤਮ ਹੋਣ ਦੇ ਕਿਨਾਰੇ ਹੈ। ਆਪਣੀ ਨੌਕਰੀ ਨੂੰ ਪੱਕੀ ਕਰਵਾਉਣ ਲਈ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਨਰੇਗਾ ਮੁਲਾਜ਼ਮਾਂ ਨੂੰ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਹਰ ਵਾਰ ਝੂਠੇ ਲਾਰੇ ਲਗਾਏ ਜਾਂਦੇ ਰਹੇ ਹਨ। ਪਿਛਲੇ ਪੰਦਰਾਂ ਸਾਲਾਂ ਦੌਰਾਨ ਪਿੰਡਾਂ ਦੇ ਲਗਭਗ 80% ਵਿਕਾਸ ਕਾਰਜ ਨਰੇਗਾ ਮੁਲਾਜ਼ਮਾਂ ਵੱਲੋਂ ਕਰਵਾਏ ਗਏ ਹਨ। ਪਿੰਡਾਂ ਦੇ ਗੰਦੇ ਛੱਪੜਾਂ ਦਾ ਨਵੀਨੀਕਰਨ, ਥਾਪਰ ਮਾਡਲ, ਸੀਚੇਵਾਲ ਮਾਡਲ, ਗ਼ਲੀਆਂ ਨਾਲੀਆਂ ਇੰਟਰਲਾਕ ਟਾਇਲ,ਖੇਡ ਸਟੇਡੀਅਮ, ਪਾਰਕ, ਸਕੂਲਾਂ ਦੀ ਚਾਰਦੀਵਾਰੀ, ਆਂਗਣਵਾੜੀ ਸੈਂਟਰ, ਨਰੇਗਾ ਭਵਨ, ਰੀਚਾਰਜ਼ ਤੇ ਸੋਕੇਜ ਪਿੱਟ, ਕੈਟਲ ਸ਼ੈੱਡ, ਪੱਕੇ ਖਾਲ, ਮਿੱਡ ਡੇ ਮੀਲ ਕਿਚਨ ਸ਼ੈੱਡ, ਬਾਇਓ ਗੈਸ ਪਲਾਂਟ, ਪੇਂਡੂ ਨਰਸਰੀਆਂ, ਟੁਆਇਲਿਟ ਬਲਾਕ, ਢਾਣੀਆਂ ਦੇ ਰਸਤਿਆਂ ਤੇ ਖੜਵੰਜਾ, ਲਾਇਬ੍ਰੇਰੀਆਂ, ਮੀਆਂ ਵਾਕੀ ਜੰਗਲ, ਮਿੰਨੀ ਜੰਗਲ, ਗੁਰੂ ਨਾਨਕ ਬਗੀਚੀ ਵਰਗੇ ਅਨੇਕਾਂ ਵਿਕਾਸ ਕਾਰਜ ਪਿੰਡਾਂ ਦੀ ਸ਼ਾਨ ਬਣੇ ਹਨ। ਵੋਟਾਂ ਬਣਾਉਣ ਤੋਂ ਲੈ ਕੇ ਪਵਾਉਣ ਅਤੇ ਗਿਣਤੀ ਤੱਕ, ਆਟਾ-ਦਾਲ ਸਕੀਮ ਦੇ ਸਰਵੇ ਵਿੱਚ, ਕਰੋਨਾ ਕਾਲ ਦੌਰਾਨ ਐਮਰਜੈਂਸੀ ਡਿਊਟੀਆਂ, ਪਰਾਲ਼ੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਡਿਊਟੀਆਂ, ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਘਰ ਬਣਾਉਣ, ਮੇਲਿਆਂ ਵਿੱਚ ਡਿਊਟੀਆਂ ਵਰਗੇ ਨਰੇਗਾ ਤੋਂ ਇਲਾਵਾ ਵਾਧੂ ਕੰਮਾਂ ਵਿੱਚ ਵੀ ਨਰੇਗਾ ਮੁਲਾਜ਼ਮ ਡਿਊਟੀਆਂ ਕਰਦੇ ਰਹੇ ਹਨ। ਹਾਲਾਂਕਿ ਪਿਛਲੀਆਂ ਸਰਕਾਰਾਂ ਅਤੇ ਮੌਜਦਾ ਆਪ ਸਰਕਾਰ ਵੱਲੋਂ ਕੇਂਦਰੀ ਸਕੀਮਾਂ ਦੇ ਮੁਲਾਜ਼ਮਾਂ ਸਰਵ ਸਿੱਖਿਆ ਅਭਿਆਨ ਤੇ ਰਮਸਾ ਅਧਿਆਪਕ, ਮੈਰੀਟੋਰੀਅਸ



ਨਰੇਗਾ ਮਜ਼ਦੂਰਾਂ ਦੇ ਹੱਕਾਂ ਲਈ ਵਿਸ਼ਾਲ ਧਰਨੇ ਨੂੰ ਸੰਬੋਧਨ

ਸਕੂਲ ਅਧਿਆਪਕ, ਕੌਮੀ ਸਿਹਤ ਮਿਸ਼ਨ ਦੇ ਮੁਲਾਜ਼ਮ, ਮੌਜੂਦਾ ਸਰਕਾਰ ਵੱਲੋਂ ਸਰਵ ਸਿੱਖਿਆ ਅਭਿਆਨ ਤੇ ਰਮਸਾ ਦੇ ਦਫ਼ਤਰੀ ਕਰਮਚਾਰੀ, ਰੂਰਲ ਫਾਰਮਾਸਿਸਟ,ਏ.ਆਈ,ਐੱਸਟ ਿਆਰ,ਈਜੀਐੱਸ ਵਲੰਟੀਅਰ, ਜੰਗਲਾਤ ਵਿਭਾਗ ਦੇ ਮੁਲਾਜ਼ਮ ਅਤੇ ਹੋਰਨਾਂ ਸਕੀਮਾਂ ਦੇ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾ ਚੁੱਕਾ ਹੈ। ਪ੍ਰੰਤੂ ਜਦੋਂ ਨਰੇਗਾ ਮੁਲਾਜ਼ਮ ਆਪਣੇ ਰੁਜ਼ਗਾਰ ਨੂੰ ਪੱਕਾ ਕਰਨ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਨੂੰ ਕੇਂਦਰ ਦੀ ਸਕੀਮ ਦੇ ਮੁਲਾਜ਼ਮ ਆਖ ਕੇ ਅਜੇ ਤੱਕ ਵੀ ਪੱਕਾ ਨਹੀਂ ਕੀਤਾ ਗਿਆ। ਰੁਜ਼ਗਾਰ ਸੰਬੰਧੀ ਨਵਾਂ ਬਿੱਲ ਪਾਸ ਹੋਣ ਨਾਲ ਬਹੁਤ ਥੋੜ੍ਹੀਆਂ ਉਜ਼ਰਤਾਂ ਨਾਲ ਆਪਣਾ ਜੀਵਨ ਬਸਰ ਕਰ ਰਹੇ ਨਰੇਗਾ ਮੁਲਾਜ਼ਮਾਂ ਵਿੱਚ ਨਿਰਾਸ਼ਾ ਤੇ ਬੇਚੈਨੀ ਦਾ ਮਾਹੌਲ਼ ਬਣ ਗਿਆ ਹੈ ਕਿਉਂਕਿ ਜਿੱਥੇ ਮਜ਼ਦੂਰਾਂ ਨੂੰ ਰੁਜ਼ਗਾਰ ਦੀ ਗਾਰੰਟੀ ਦਿੱਤੀ ਗਈ ਉੱਥੇ ਮਜ਼ਦੂਰਾਂ ਨੂੰ ਕੰਮ ਮੁੱਹਈਆ ਕਰਵਾਉਣ ਵਾਲੇ ਮੁਲਾਜ਼ਮਾਂ ਨੂੰ ਰੁਜ਼ਗਾਰ ਦੀ ਕੋਈ ਗਾਰੰਟੀ ਨਹੀਂ ਦਿੱਤੀ ਗਈ। ਸਮੇਂ-ਸਮੇਂ ਤੇ ਪੰਜਾਬ ਸਰਕਾਰ ਵੱਲੋਂ ਕੇਂਦਰੀ ਸਕੀਮਾਂ ਦੇ ਪੱਕੇ ਕੀਤੇ ਮੁਲਾਜ਼ਮਾਂ ਸੰਬੰਧੀ ਨਰੇਗਾ ਮੁਲਾਜ਼ਮਾਂ ਨੂੰ ਤਰਕ ਦਿੱਤਾ ਜਾਂਦਾ ਰਿਹਾ ਹੈ ਕਿ ਇਨ੍ਹਾਂ ਸਕੀਮਾਂ ਵਿੱਚ ਸੂਬਾ ਸਰਕਾਰ ਦਾ 40% ਹਿੱਸਾ ਪੈਂਦਾ ਹੈ ਜਦੋਂ ਕਿ ਨਰੇਗਾ ਵਿੱਚ 10% ਹਿੱਸੇਦਾਰੀ ਹੈ ਪ੍ਰੰਤੂ ਹੁਣ ਨਵੇਂ ਬਿੱਲ ਜੀ ਰਾਮ ਜੀ ਰਾਹੀਂ ਸੂਬਾ ਸਰਕਾਰ ਦਾ ਫੈਲਾਇਆ ਇਹ ਭਰਮ ਵੀ ਦੂਰ ਹੋ ਚੁੱਕਾ ਹੈ।

ਨਰੇਗਾ ਮੁਲਾਜ਼ਮ ਐਕਸ਼ਨ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ, ਨੇ ਅੱਗੇ ਕਿਹਾ ਕਿ ਮਾਨ ਸਰਕਾਰ ਵੱਲੋਂ ਨਵੇਂ ਬਿੱਲ ਦੇ ਵਿਰੋਧ ਵਿੱਚ 30 ਦਸੰਬਰ ਨੂੰ ਵਿਧਾਨ ਸਭਾ ਦਾ ਸਪੈਸ਼ਲ ਇਜਲਾਸ ਬੁਲਾ ਲਿਆ ਗਿਆ ਹੈ ਪਰ ਆਪ ਸਰਕਾਰ ਨੂੰ ਸੱਤਾ ਵਿੱਚ ਲਿਆਉਣ ਲਈ ਵੱਡਾ ਯੋਗਦਾਨ ਪਾਉਣ ਵਾਲੇ ਮੁਲਾਜ਼ਮਾਂ ਬਾਰੇ ਸੂਬਾ ਸਰਕਾਰ ਇੱਕ ਸ਼ਬਦ ਵੀ ਨਹੀਂ ਬੋਲ ਰਹੀ। ਆਮ ਆਦਮੀ ਪਾਰਟੀ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਨਰੇਗਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਵਾਅਦਾ ਕੀਤਾ ਸੀ। ਪਿਛਲੇ ਚਾਰ ਸਾਲਾਂ ਤੋਂ ਨਰੇਗਾ ਮੁਲਾਜ਼ਮ ਸਰਕਾਰ ਦੇ ਵੱਖ-ਵੱਖ ਨੁਮਾਇੰਦਿਆਂ ਨੂੰ ਮਿਲ ਕੇ ਆਪਣੀ ਮੰਗ ਵੱਲ ਧਿਆਨ ਦੇਣ ਦੀ ਬੇਨਤੀ ਕਰਦੇ ਆ ਰਹੇ ਹਨ। ਮਾਨ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਲਿਆਂਦੀ ਪਾਲਿਸੀ ਤਹਿਤ ਨਰੇਗਾ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਪ੍ਰਕਿਰਿਆ ਵੀ ਵਿੱਚ ਵਿਚਾਲੇ ਹੀ ਲਟਕ ਗਈ। ਅੱਜ ਨਰੇਗਾ ਮੁਲਾਜ਼ਮਾਂ ਨੂੰ ਕਈ-ਕਈ ਮਹੀਨੇ ਦਿੱਤੀ ਜਾਣ ਵਾਲੀ ਨਿਗੂਣੀ ਤਨਖ਼ਾਹ ਵੀ ਨਹੀਂ ਮਿਲਦੀ।ਅੱਜ ਵੀ ਤਿੰਨ ਮਹੀਨੇ ਦੀ ਤਨਖ਼ਾਹ ਬਕਾਇਆ ਖੜ੍ਹੀ ਹੈ। ਆਪਣੀ ਜ਼ਿੰਦਗੀ ਦਾ ਸਭ ਤੋਂ ਕੀਮਤੀ ਸਮਾਂ ਨਰੇਗਾ ਲੇਖੇ ਲਾ ਚੁੱਕੇ ਮੁਲਾਜ਼ਮਾਂ ਨੂੰ ਹੁਣ ਕੋਈ ਵੀ ਰਾਹ ਨਹੀਂ ਦਿਸ ਰਿਹਾ। ਉਨ੍ਹਾਂ ਕਿਹਾ ਕਿ ਰੁਜ਼ਗਾਰ ਜਾਣ ਨਾਲ ਉਨ੍ਹਾਂ ਦਾ ਸਮਾਜਿਕ ਰੁਤਬਾ ਤਹਿਸ-ਨਹਿਸ ਹੋ ਚੁੱਕਾ ਹੈ। ਨਰੇਗਾ ਮੁਲਾਜ਼ਮ ਸੂਬਾ ਅਤੇ ਕੇਂਦਰ ਸਰਕਾਰ ਦੇ ਦੋ ਪੁੜਾਂ ਅੰਦਰ ਬੁਰੀ ਤਰ੍ਹਾਂ ਪਿਸ ਰਹੇ ਹਨ। ਉਹ ਚੁੱਪ-ਚਾਪ ਘਰ ਨਹੀਂ ਚਲੇ ਜਾਣਗੇ। ਆਗੂਆਂ ਨੇ ਕਿਹਾ ਕਿ ਨਰੇਗਾ ਮੁਲਾਜ਼ਮ ਆਪਣੇ ਰੁਜ਼ਗਾਰ ਨੂੰ ਬਚਾਉਣ ਲਈ ਇਜਲਾਸ ਤੋਂ ਪਹਿਲਾਂ 29 ਦਸੰਬਰ ਨੂੰ ਪੰਜਾਬ ਦੇ 12587 ਪਿੰਡਾਂ ਦੇ ਲੱਖਾਂ ਨਰੇਗਾ ਮਜ਼ਦੂਰਾਂ ਨੂੰ ਨਾਲ ਲੈਕੇ ਜਿਲ੍ਹਾ ਪੱਧਰ ਤੇ ਕੇਂਦਰ ਦੀ ਭਾਜਪਾ ਸਰਕਾਰ ਦੇ ਖਿਲਾਫ਼ ਵੱਡੇ ਅੰਦੋਲਨ ਵਿੱਢਣਗੇ। ਆਗੂਆਂ ਨੇ ਅੱਗੇ ਮੰਗ ਰੱਖੀ ਕਿ ਸੂਬਾ ਸਰਕਾਰ ਨੂੰ ਨਰੇਗਾ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਬਿੱਲ ਸਪੈਸ਼ਲ ਇਜਲਾਸ ਵਿੱਚ ਲੈ ਕੇ ਆਉਣਾ ਚਾਹੀਦਾ ਹੈ ਕਿਉ ਕਿ ਨਰੇਗਾ ਮੁਲਾਜ਼ਮਾਂ ਨੇ 16 ਸਾਲ ਤੋ ਪਿੰਡਾਂ ਦਾ ਵਿਕਾਸ ਕਰਵਾਇਆ ਹੈ ਡਿਪਟੀ ਕਮਿਸ਼ਨਰ ਦਫਤਰ ਜਲੰਧਰ ਵਿਖੇ ਵੀ ਨਰੇਗਾ ਮੁਲਾਜ਼ਮਾਂ ਵੱਲੋਂ ਨਰੇਗਾ ਮੁਲਾਜ਼ਮ ਐਕਸ਼ਨ ਕਮੇਟੀ ਦੇ ਬੈਨਰ ਹੇਠ ਵੱਡਾ ਇਕੱਠ ਕਰਕੇ ਡੀ. ਸੀ ਦੱਫਤਰ ਦਾ ਘਿਰਾਓ ਕੀਤਾ ਗਿਆ ਅਤੇ ਕੇਂਦਰ ਸਰਕਾਰ ਖਿਲਾਫ਼ ਪ੍ਰਦਰਸ਼ਨ ਕੀਤਾ ਜਾਵੇਗਾ. ਇਸ ਮੌਕੇ ਤੇ ਸਲਵਿੰਦਰ ਸਿੰਘ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ, ਗੁਰਮੇਲ ਸਿੰਘ ਰੇੜਵਾਂ, ਚਰਨਜੀਤ, ਸਿੰਘ ਥੰਮੂਵਾਲ, ਤਰਸੇਮ ਪੀਟਰ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ,ਮੰਗਲਜੀਤ ਸਿੰਘ,ਦੀਪਕ ਏਪੀਓ,ਨੇ ਸਬੋਧਨ ਕੀਤਾ।ਇਸ ਮੌਕੇ ਚਰਨਜੀਤ ਨਕੋਦਰ, ਪਿਆਰਾ ਸਾਹਕੋਟ, ਸੰਦੀਪ ਵੈਸਟ, ਸੋਮ-ਰਾਜ ਮਹਿਤਪੁਰ,ਰਜਤ ਆਦਮਪੁਰ, ਸੁਮਿਤ ਆਦਿ ਹਾਜ਼ਰ ਸਨ ।

# ਲੋਕਾਂ ਦੀ ਸਿਹਤ ਨਾਲ ਕੋਈ ਸਮਝੌਤਾ ਨਹੀਂ – ਆਮ ਆਦਮੀ ਪਾਰਟੀ ਨੇ ਸਾਬਤ ਕੀਤਾ ਕਿ ਸਿਆਸਤ ਸੇਵਾ ਵੀ ਹੋ ਸਕਦੀ ਹੈ – ਅਰਸ਼ ਸੱਚਰ

**ਫਰੀਦਕੋਟ, ( ਸ਼ਿਵਨਾਥ ):-** ਪੰਜਾਬ ਸਰਕਾਰ ਵੱਲੋਂ ਲੋਕ-ਭਲਾਈ ਦੇ ਖੇਤਰ ਵਿੱਚ ਇੱਕ ਇਤਿਹਾਸਕ ਅਤੇ ਦੂਰਅੰਦੇਸ਼ੀ ਭਰਿਆ ਕਦਮ ਚੁੱਕਦਿਆਂ 'ਮੁੱਖ ਮੰਤਰੀ ਸਿਹਤ ਯੋਜਨਾ' ਦੀ ਸ਼ੁਰੂਆਤ ਕੀਤੀ ਗਈ ਹੈ, ਜੋ ਪੰਜਾਬ ਦੇ ਹਰ ਵਰਗ, ਹਰ ਪਰਿਵਾਰ ਅਤੇ ਹਰ ਨਾਗਰਿਕ ਲਈ ਇੱਕ ਵੱਡਾ ਸੁਰੱਖਿਆ ਕਵਚ ਸਾਬਤ ਹੋਵੇਗੀ। ਇਹ ਗੱਲ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਸਰਗਰਮ ਸਮਾਜ ਸੇਵਕ ਅਰਸ਼ ਸੱਚਰ ਨੇ ਕਹੀ। ਅਰਸ਼ ਸੱਚਰ ਨੇ ਕਿਹਾ ਕਿ ਇਸ ਯੋਜਨਾ ਤਹਿਤ ਹਰ ਪਰਿਵਾਰ ਨੂੰ ਸਾਲਾਨਾ ₹10 ਲੱਖ ਤੱਕ ਦਾ ਮੁਫ਼ਤ ਇਲਾਜ ਮਿਲੇਗਾ, ਜੋ ਸਿਰਫ਼ ਇੱਕ ਸਕੀਮ ਨਹੀਂ, ਸਗੋਂ ਗਰੀਬ, ਮੱਧ ਵਰਗ ਅਤੇ ਆਮ ਇਨਸਾਨ ਦੀ ਜ਼ਿੰਦਗੀ ਬਚਾਉਣ ਵੱਲ ਇੱਕ ਇਨਕਲਾਬੀ ਕਦਮ ਹੈ। ਖਾਸ ਗੱਲ ਇਹ ਹੈ ਕਿ ਸਰਕਾਰੀ ਹਸਪਤਾਲਾਂ ਦੇ ਨਾਲ-ਨਾਲ ਨਿੱਜੀ ਹਸਪਤਾਲਾਂ ਵਿੱਚ ਵੀ ਇਹ ਸਹੂਲਤ ਮਿਲੇਗੀ, ਜਿਸ



ਨਾਲ ਲੋਕਾਂ ਨੂੰ ਮਹਿੰਗੇ ਇਲਾਜ ਦੇ ਡਰ ਤੋਂ ਮੁਕਤੀ ਮਿਲੇਗੀ। ਉਨ੍ਹਾਂ ਕਿਹਾ ਕਿ ਅੱਜ ਤੱਕ ਪੰਜਾਬ ਵਿੱਚ ਹਜ਼ਾਰਾਂ ਪਰਿਵਾਰ ਸਿਰਫ਼ ਬਿਮਾਰੀ ਦੇ ਇਲਾਜ ਕਰਵਾਉਂਦੇ-ਕਰਵਾਉਂਦੇ ਕਰਜ਼ੇ 'ਚ ਡੁੱਬ ਜਾਂਦੇ ਸਨ ਜਾਂ ਆਪਣੀ ਜ਼ਮੀਨ, ਘਰ ਤੱਕ ਵੇਚਣ ਲਈ ਮਜਬੂਰ ਹੋ ਜਾਂਦੇ ਸਨ। ਮੁੱਖ ਮੰਤਰੀ ਸਿਹਤ ਯੋਜਨਾ ਇਸ ਦਰਦਨਾਕ ਹਕੀਕਤ ਨੂੰ ਖਤਮ ਕਰਨ ਵੱਲ ਇੱਕ ਮਜ਼ਬੂਤ ਕਦਮ ਹੈ। ਅਰਸ਼ ਸੱਚਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸ਼ੁਰੂ ਤੋਂ ਹੀ "ਇਲਾਜ ਵਪਾਰ ਨਹੀਂ, ਹੱਕ ਹੈ" ਦੇ ਸਿਧਾਂਤ 'ਤੇ ਕੰਮ ਕਰ ਰਹੀ ਹੈ। ਨਾ ਕੋਈ ਆਮਦਨ ਦੀ ਸ਼ਰਤ, ਨਾ ਕੋਈ ਜਾਤ-ਪਾਤ ਦਾ ਭੇਦ — ਹਰ ਪੰਜਾਬੀ ਇਸ ਯੋਜਨਾ ਦਾ ਹੱਕਦਾਰ ਹੈ। ਇਹੀ ਆਮ ਆਦਮੀ ਪਾਰਟੀ ਦੀ ਸਿਆਸਤ ਅਤੇ ਸੋਚ ਨੂੰ ਹੋਰ ਪਾਰਟੀਆਂ ਤੋਂ ਵੱਖਰਾ ਬਣਾਉਂਦਾ ਹੈ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਜੀ ਅਤੇ ਪਾਰਟੀ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਯੋਜਨਾ ਪੰਜਾਬ ਨੂੰ ਸਿਹਤਮੰਦ, ਸੁਰੱਖਿਅਤ ਅਤੇ ਮਜ਼ਬੂਤ ਬਣਾਉਣ ਵੱਲ ਇੱਕ ਮੀਲ ਪੱਥਰ ਸਾਬਤ ਹੋਵੇਗੀ। "ਇਹ ਸਿਰਫ਼ ਅੱਜ ਦੀ ਨਹੀਂ, ਭਵਿੱਖ ਦੀ ਸੋਚ ਵਾਲੀ ਸਰਕਾਰ ਹੈ," ਉਨ੍ਹਾਂ ਕਿਹਾ। ਅਖੀਰ 'ਚ ਅਰਸ਼ ਸੱਚਰ ਨੇ ਪੰਜਾਬ ਦੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਯੋਜਨਾ ਬਾਰੇ ਜਾਣਕਾਰੀ ਹਾਸਲ ਕਰਨ, ਆਪਣਾ ਕਾਰਡ ਬਣਵਾਉਣ ਅਤੇ ਸਰਕਾਰ ਦੇ ਇਸ ਲੋਕ-ਹਿਤੈਸ਼ੀ ਕਦਮ ਦਾ ਪੂਰਾ ਲਾਭ ਲੈਣ। ਨਾਲ ਹੀ ਉਨ੍ਹਾਂ ਕਿਹਾ ਕਿ ਅਜਿਹੇ ਇਤਿਹ-ਾਸਕ ਫੈਸਲਿਆਂ ਦੀ ਸਾਰਿਆਂ ਨੂੰ ਖੁੱਲ੍ਹ ਕੇ ਸਰਾਹਣਾ ਕਰਨੀ ਚਾਹੀਦੀ ਹੈ, ਕਿਉਂਕਿ ਇਹ ਕਦਮ ਸੱਚਮੁੱਚ ਪੰਜਾਬ ਅਤੇ ਪੰਜਾਬੀਆਂ ਦੀ ਜ਼ਿੰਦਗੀ ਬਚਾਉਣ ਵਾਲੇ ਹਨ।

# ਪੰਜਾਬ ਭਰ ਵਿੱਚ ਪੀਏਸੀ-ਪਬਲਿਕ ਐਕਸ਼ਨ ਕਮੇਟੀ (ਰਜਿਸਟਰਡ) ਅਤੇ ਐਨਜੀਓਜ਼ ਨੇ ਐਡਵੋਕੇਟ ਯੋਗੇਸ਼ ਖੰਨਾ ਨੂੰ ਪੂਰਾ ਸਮਰਥਨ ਦਿੱਤਾ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਪੀਏਸੀ-ਪਬਲਿਕ ਐਕਸ਼ਨ ਕਮੇਟੀ (ਰਜਿਸਟਰਡ) ਨੇ ਪੰਜਾਬ ਭਰ ਵਿੱਚ ਕਈ ਐਨਜੀਓਜ਼ ਅਤੇ ਵਾਤਾਵਰਣ ਸਮੂਹਾਂ ਦੇ ਨਾਲ, ਸਰਬਸੰਮਤੀ ਨਾਲ ਐਡਵੋਕੇਟ ਯੋਗੇਸ਼ ਖੰਨਾ, ਇੱਕ ਪ੍ਰਸਿੱਧ ਸਮਾਜਿਕ ਕਾਰਕੁਨ ਅਤੇ ਵਾਤਾਵਰਣ ਪ੍ਰੇਮੀ, ਜੋ ਕਿ ਪੰਜਾਬ ਅਤੇ ਹਰਿਆਣਾ, ਚੰਡੀਗੜ੍ਹ ਦੀ ਬਾਰ ਕੌਂਸਲ ਦੇ ਮੈਂਬਰ ਲਈ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ, ਨੂੰ ਆਪਣਾ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ। ਪੀਏਸੀ ਨਾਲ ਜੁੜੇ ਵਾਤਾਵਰਣ ਪ੍ਰੇਮੀਆਂ ਅਤੇ ਸਮਾਜਿਕ ਕਾਰਕੁਨਾਂ ਨੇ ਵਾਤਾਵਰਣ ਸੁਰੱਖਿਆ, ਸਮਾਜਿਕ ਨਿਆਂ ਅਤੇ ਜਨਤਕ ਭਲਾਈ ਪ੍ਰਤੀ ਐਡਵੋਕੇਟ ਯੋਗੇਸ਼ ਖੰਨਾ ਦੀ ਨਿਰੰਤਰ ਵਚਨਬੱਧਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਵਿਸ਼ਵਾਸ



ਪ੍ਰਗਟ ਕੀਤਾ ਕਿ ਬਾਰ ਕੌਂਸਲ ਵਿੱਚ ਉਨ੍ਹਾਂ ਦੀ ਪ੍ਰਤੀਨਿਧਤਾ ਪ੍ਰਗਤੀਸ਼ੀਲ, ਨੈਤਿਕ ਅਤੇ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਵਕੀਲਾਂ ਦੀ ਆਵਾਜ਼ ਨੂੰ ਮਜ਼ਬੂਤ ਕਰੇਗੀ।

ਇਸ ਮੌਕੇ 'ਤੇ, ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਭਰ ਵਿੱਚ ਵਾਤਾਵਰਣ ਪ੍ਰੇਮੀਆਂ ਨੇ ਸਾਂਝੇ ਤੌਰ 'ਤੇ ਕਾਨੂੰਨੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਅਤੇ ਹਰਿਆਣਾ, ਚੰਡੀਗੜ੍ਹ ਦੀਆਂ ਆਉਣ ਵਾਲੀਆਂ ਬਾਰ ਕੌਂਸਲ ਚੋਣਾਂ ਵਿੱਚ ਲੁਧਿਆਣਾ ਦੇ ਐਡਵੋਕੇਟ ਯੋਗੇਸ਼ ਖੰਨਾ ਦੇ ਹੱਕ ਵਿੱਚ ਆਪਣੀ ਪਹਿਲੀ ਪਸੰਦ ਦੀ ਵੋਟ ਪਾਉਣ। ਪੀਏਸੀ ਮੈਂਬਰਾਂ ਨੇ ਕਿਹਾ ਕਿ ਐਡਵੋਕੇਟ ਯੋਗੇਸ਼ ਖੰਨਾ ਦਾ ਦ੍ਰਿਸ਼ਟੀਕੋਣ, ਇਮਾਨਦਾਰੀ ਅਤੇ ਜ਼ਮੀਨੀ ਪੱਧਰ 'ਤੇ ਸ਼ਮੂਲੀਅਤ ਉਨ੍ਹਾਂ ਨੂੰ ਕਾਨੂੰਨੀ ਭਾਈਚਾਰੇ ਲਈ ਇੱਕ ਯੋਗ ਅਤੇ ਪ੍ਰਭਾਵਸ਼ਾਲੀ ਵਿਕਲਪ ਬਣਾਉਂਦੀ ਹੈ।

# ਪੱਛੜੀਆਂ ਸ਼੍ਰੇਣੀਆਂ ਆਉਣ ਵਾਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਮੂੰਹ ਨਹੀਂ ਲਾਉਣਗੀਆਂ : ਸਤਨਾਮ ਸਿੰਘ ਬੰਟੀ ਚੱਗਰਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਆਮ ਆਦਮੀ ਦੇ ਕਾਰਜ ਕਾਲ ਦੌਰਾਨ ਕਾਰਪੋਰੇਸ਼ਨ ਦੀ ਵਾਰਡ ਬੰਦੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਲੋਕਲ ਪ੍ਰਸ਼ਾਸਨ ਦੀ ਮਿਲੀ ਭੁਗਤ ਕਾਰਨ ਪਛੜੀਆਂ ਸ਼੍ਰੇਣੀਆਂ ਵੱਡੇ ਧੋਖੇ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ ! ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਡੇ ਬੀ ਸੀ ਦੇ ਜਿਲ੍ਹਾ ਪ੍ਰਧਾਨ ਸਤਿਨ-ਾਮ ਸਿੰਘ ਬੰਟੀ ਚੱਗਰਾ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ



ਦੌਰਾਨ ਕੀਤਾ। ਉਹਨਾਂ ਕਿਹਾ ਕਿ ਪਿਛਲੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਅਤੇ ਕਾਂਗਰਸ ਦੀ ਸਰਕਾਰ ਵੱਲੋਂ ਜਿੱਥੇ ਕਾਰਪੋਰੇਸ਼ਨ ਚੋਣਾਂ ਵਿੱਚ ਪਛੜੀਆਂ ਸ਼੍ਰੇਣੀਆਂ ਨੂੰ 35 ਸੀਟਾਂ ਵਿੱਚੋਂ ਦੋ ਵਾਰਡ ਰਿਜ਼ਰਵ ਕੀਤੇ ਜਾਂਦੇ ਸਨ ਉੱਥੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 50 ਸੀਟਾਂ ਵਿੱਚ ਸਿਰਫ ਤੇ ਸਿਰਫ ਪੱਛੜੀਆਂ ਸ਼੍ਰੇਣੀਆਂ ਨੂੰ ਇੱਕ ਸੀਟ ਤੇ ਰਿਜਰਵ ਕੀਤਾ ਗਿਆ ਜੋ ਕਿ ਪੱਛੜੇ ਸਮਾਜ ਨਾਲ ਇੱਕ ਤਰ੍ਹਾਂ ਦਾ ਕੋਝਾ ਮਜਾਕ ਤੇ ਬਹੁਤ ਵੱਡਾ ਧੋਖਾ ਹੈ ਜਿਸ ਦਾ ਖਮਿਆਜਾ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਆਉਣ ਵਾਲੇ ਕਾਰਪੋਰੇਸ਼ਨ ਇਲੈਕਸ਼ਨ ਵਿੱਚ ਭੁਗਤਣਾ ਪਵੇਗਾ ਉਹਨਾਂ ਕਿਹਾ ਕਿ ਪਛੜਾ ਸਮਾਜ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੁਣ ਮੂੰਹ ਨਹੀਂ ਲਗਾਵੇਗਾ !

# ਹਿੰਦੂ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਬੰਗਲਾਦੇਸ਼ ਵਿੱਚ ਤੁਰੰਤ ਫ਼ੌਜ ਭੇਜੀ ਜਾਵੇ : ਪ੍ਰਮਜੀਤ,ਮਨਜੀਤ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਬਜਰੰਗ ਦਲ ਹਿੰਦੁਸਤਾਨ ਹੁਸ਼ਿਆਰਪੁਰ ਦੀ ਇੱਕ ਮੀਟਿੰਗ ਪਰਮਜੀਤ ਸਿੰਘ ਫੌਜੀ ਬੂਥਗੜ੍ਹ ਰਾਸ਼ਟਰੀ ਪ੍ਰਧਾਨ ਸਿੱਖ ਸੰਗਤ ਬਜਰੰਗ ਦਲ ਹਿੰਦੁਸਤਾਨ, ਮਨਜੀਤ ਸਿੰਘ ਮਾਹਿਲਪੁਰੀ ਰਾਸ਼ਟਰੀ ਸਕੱਤਰ ਅਤੇ ਠਾਕੁਰ ਅਸ਼ਵਨੀ ਜਸਵਾਲ ਰਾਸ਼ਟਰੀ ਜਨਰਲ ਸਕੱਤਰ ਮਹਾਵੀਰ ਕ੍ਰਾਂਤੀ ਦਲ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਵਿੱਚ ਬੰਗਲਾਦੇਸ਼ ਵਿੱਚ ਘੱਟ ਗਿਣਤੀ ਹਿੰਦੂਆਂ ਤੇ ਹੋ ਰਹੇ ਅੱਤਿਆਚਾਰਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਭਾਰਤ ਸਰਕਾਰ ਤੋਂ ਮੰਗ ਕੀਤੀ ਗਈ ਕਿ ਬੰਗਲਾਦੇਸ਼ ਖ਼ਿਲਾਫ਼ ਸਖ਼ਤ ਕਾਰਵਾਈ ਕਰਕੇ ਹਿੰਦੂਆਂ ਤੇ ਹੋ ਰਹੇ ਅੱਤਿਆਚਾਰਾਂ ਨੂੰ ਰੋਕਿਆ ਜਾਵੇ।

ਆਗੂਆਂ ਨੇ ਮੰਗ ਕੀਤੀ ਕਿ ਇਸ ਮਾਮਲੇ ਨੂੰ ਸੰਯੁਕਤ ਰਾਸ਼ਟਰ ਵਿੱਚ ਉਠਾਇਆ ਜਾਵੇ ਅਤੇ ਹਿੰਦੂ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਬੰਗਲਾਦੇਸ਼ ਵਿੱਚ ਫ਼ੌਜ ਭੇਜੀ ਜਾਵੇ। ਉਹਨਾਂ ਦੀਪ ਚੰਦਰ ਦਾਸ ਦੇ ਕਤਲ ਦਾ ਹਵਾਲਾ ਦਿੰਦਿਆਂ ਕਿਹਾ ਕਿ ਬੰਗਲਾਦੇਸ਼ ਵਿੱਚ ਇਸਲਾਮੀ ਕੱਟੜਪੰਥੀਆਂ ਵੱਲੋਂ ਬੇਗੁਨਾਹ ਹਿੰਦੂ



ਨੌਜਵਾਨਾਂ ਨਾਲ ਅਣਮਨੁੱਖੀ ਵਿਵਹਾਰ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਬੰਗਲਾਦੇਸ਼ ਵਿੱਚ ਹਿੰਦੂਆਂ ਤੇ ਅੱਤਿਆਚਾਰ ਵਧਿਆ ਹੈ, ਜਿਸ ਵਿੱਚ ਇੱਕ ਨੌਜਵਾਨ ਨੂੰ ਬੰਨ੍ਹ ਕੇ ਜ਼ਿੰਦਾ ਸਾੜਨ ਵਰਗੀਆਂ ਘਟਨਾਵਾਂ ਵੀ ਸ਼ਾਮਲ ਹਨ। ਔਰਤਾਂ ਅਤੇ ਬੱਚੀਆਂ ਨਾਲ ਜਬਰ-ਜ਼ਨਾਹ, ਜ਼ਬਰਦਸਤੀ ਧਰਮ ਪਰਿਵਰਤਨ, ਘਰਾਂ ਤੋਂ ਬੇਦਖ਼ਲੀ ਅਤੇ ਹਿੰਦੂਆਂ ਦੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਨ੍ਹਾਂ ਸਾਰੀਆਂ ਗੱਲਾਂ ਦੇ ਵਿਰੋਧ ਵਿੱਚ ਹਿੰਦੂ ਜਥੇਬੰਦੀਆਂ ਨੇ ਬੰਗਲਾਦੇਸ਼ ਦਾ ਪੁਤਲਾ ਫੂਕਿਆ। ਇਸ ਮੌਕੇ ਸੰਨੀ ਨੱਸਰਾ, ਦਵਿੰਦਰ ਸਿੰਘ, ਮਨਜੀਤ ਸੋਨੂ, ਪੰਡਿਤ ਗਿਰਧਾਰੀ ਲਾਲ, ਮੰਗਲ ਸਿੰਘ, ਅਜੇ ਕੁਮਾਰ, ਅਮਨਦੀਪ ਸਿੰਘ, ਰਮਨ ਪਵਾਰ, ਹੇਮਾ ਬੱਸੀ, ਓਂਕਾਰ ਸਿੰਘ, ਰਣਜੈ ਰਾਣਾ, ਸੰਦੀਪ ਟਾਂਡਾ, ਰਾਕੇਸ਼ ਭਾਰਦਵਾਜ, ਅਜੇ ਕੁਮਾਰ, ਮੋਹਿਤ ਪਠਾਨੀਆ, ਟੋਨੀ ਹਾਂਡਾ, ਜੋਤੀ ਮਲਹਣ, ਰਾਜਨ ਆਨੰਦ, ਜੋਗਿੰਦਰ, ਮਿੰਟੂ ਜਟਪੁਰ, ਅਮਰਜੀਤ ਸਿੰਘ, ਯਸ਼ ਢੀਂਗਰਾ, ਜਸਵੀਰ ਰਾਣਾ, ਬਲਵੀਰ ਸਿੰਘ, ਬੱਬੂ ਬਜਰੋਹ, ਗੌਰਵ ਹਾਂਡਾ ਆਦਿ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਨਵਾਂ ਮਨਰੇਗਾ ਕਾਨੂੰਨ ਵਾਪਿਸ ਕਰਵਾਉਣ ਲਈ ਕਾਂਗਰਸ ਵੱਲੋਂ 5 ਜਨਵਰੀ ਤੋਂ ਜ਼ਿਲ੍ਹਾ ਪੱਧਰੀ ਜਨ ਅੰਦੋਲਨ ਹੋਵੇਗਾ ਸ਼ੁਰੂ : ਧਰਮਸੋਤ

**ਮਾਲੇਰਕੋਟਲਾ- (ਕੁਲਵੰਤ ਸਿੰਘ ਮੁਹਾਲੀ)** ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਨਰੇਗਾ ਦੀ ਥਾਂ ਤੇ ਲਿਆਂਦੇ ਨਵੇਂ ਵਿਕਸਿਤ ਭਾਰਤ ਜੀ ਰਾਮ ਜੀ

**(ਜੀ.ਰਾਮ.ਜੀ ਕਾਨੂੰਨ ਕਰਕੇ ਗਰੀਬਾਂ ਦੀ ਰੋਜ਼ੀ ਰੋਟੀ ਖੁੱਸਣ ਨਾਲ ਗਰੀਬੀ ਨਹੀ ਬਲਕਿ ਗਰੀਬ ਹੀ ਖ਼ਤਮ ਹੋ ਜਾਣਗੇ )**

ਬਿਲ ਖਿਲਾਫ ਕਾਂਗਰਸ ਪਾਰਟੀ ਵੱਲੋਂ ਦੇਸ਼ ਭਰ ਵਿੱਚ 05' ਜਨਵਰੀ ਤੋਂ ਮਨਰੇਗਾ ਬਚਾਓ ਮੁਹਿੰਮ ਵਿੱਢੀ ਜਾ ਰਹੀ ਹੈ ਅਤੇ ਇੱਕ ਜਨ ਅੰਦੋਲਨ ਸ਼ੁਰੂ ਕੀਤਾ ਜਾ ਰਿਹਾ ਹੈ। ਪਾਰਟੀ ਹਾਈਕਮਾਂਡ ਦੇ ਹੁਕਮਾਂ ਤਹਿਤ ਪੰਜਾਬ ਵਿੱਚ ਵੀ ਜ਼ਿਲ੍ਹਾ ਪੱਧਰ ਤੇ ਕਾਂਗਰਸ ਪਾਰਟੀ ਵੱਲੋਂ ਜਨ ਅੰਦੋਲਨ ਰਾਹੀਂ ਧਰਨੇ ਪ੍ਰਦਰਸ਼ਨ ਕੀਤੇ ਜਾਣਗੇ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਮਲੇਰਕੋਟਲਾ ਦੇ ਕੈਨੇਟ ਕੈਫੇ ਵਿੱਚ ਰੱਖੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕੀਤਾ। ਵਰਨਣਯੋਗ ਹੈ ਕਿ ਮੋਦੀ ਸਰਕਾਰ ਨੇ ਮਨਰੇਗਾ ਨੂੰ ਖਤਮ ਕਰਕੇ ਦੇਸ਼ ਦੇ ਕਰੋੜਾਂ ਗਰੀਬ ਪਰਿਵਾਰਾਂ ਦੇ ਮੂੰਹ ਚੋਂ ਰੋਟੀ ਖੋਹ ਲਈ ਹੈ ਕਾਂਗਰਸ ਵੱਲੋਂ ਕੇਂਦਰ ਦੇ ਇਸ ਨਵੇਂ ਕਾਨੂੰਨ ਕਾਂਗਰਸ ਪਾਰਟੀ ਵੱਲੋਂ 5 ਜਨਵਰੀ ਤੋਂ ਵਿੱਢੇ ਜਾ ਰਹੇ



ਅੰਦੋਲਨ ਨੂੰ ਸਫਲ ਬਣਾਉਣ ਲਈ ਸਾਬਕਾ ਮੰਤਰੀ ਧਰਮਸੋਤ ਨੂੰ ਜ਼ਿਲ੍ਹਾ ਮਲੇਰਕੋਟਲਾ ਦੀ ਜਿੰਮੇਵਾਰੀ ਸੌਂਪੀ ਗਈ ਹੈ। ਸਾਧੂ ਸਿੰਘ ਧਰਮਸੋਤ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਨਵੇਂ ਕਾਨੂੰਨ ਰਾਹੀਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਮਨਰੇਗਾ ਤੋਂ ਬਾਹਰ ਹੀ ਕਰ ਦਿੱਤਾ ਹੈ। ਹੁਣ ਕੋਈ ਵੀ ਪੰਚਾਇਤ ਮਨਰੇਗਾ ਵਾਂਗ ਮਜ਼ਦੂਰਾਂ ਕੋਲੋਂ ਕੰਮ ਨਹੀਂ ਕਰਵਾ ਸਕੇਗੀ। ਉਹਨਾਂ ਕਿਹਾ ਕਿ ਮੋਦੀ ਸਰਕਾਰ ਨੇ ਕਿਸਾਨਾਂ ਉੱਪਰ ਡਾਂਗਾਂ ਭਰਾਈਆ, ਸਰਹੱਦਾਂ ਦੀ ਰਾਖੀ ਕਰ ਰਹੇ ਸੂਰਵੀਰ ਜਵਾਨਾਂ ਨੂੰ ਅਗਨੀ ਵੀਰ ਬਣਾ ਕੇ ਪਰੇਸ਼ਾਨ ਕਰ ਦਿੱਤਾ ਹੈ। ਉਹਨਾਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਉਪਰ ਵੀ ਨਿਸ਼ਾਨਾ ਸਾਧਦੇ ਕਿਹਾ ਕਿ ਭਗਵੰਤ ਮਾਨ ਸਰਕਾਰ ਤਾਂ ਪਹਿਲਾਂ ਹੀ ਪੰਜਾਬ ਦੀਆਂ ਇਕ ਕਰੋੜ ਤੋਂ ਵੱਧ ਔਰਤਾਂ ਦਾ ਕਰੋੜਾਂ ਰੁਪਈਆ ਦੱਬੀ ਬੈਠੀ ਹੈ।ਇਸ ਸਰਕਾਰ ਨੇ ਨਵੇਂ ਜੀਅ ਰਾਮ ਜੀ ਕਾਨੂੰਨ ਤਹਿਤ ਆਪਣੇ ਹਿੱਸੇ ਦਾ 40 ਫੀਸਦੀ ਫੰਡ ਕਿੱਥੋਂ ਜਮਾ ਕਰਵਾਉਣਾ ਹੈ। ਉਨਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਨਵੇਂ ਲੋਕ ਦੋਖੀ ਕਾਨੂੰਨ ਨੂੰ ਵਾਪਸ ਕਰਵਾਉਣ ਲਈ ਕਾਂਗਰਸ ਪਾਰਟੀ ਵੱਲੋਂ 5 ਜਨਵਰੀ ਤੋਂ ਵਿੱਢੇ ਜਾ ਰਹੇ ਦੇਸ਼ ਵਿਆਪੀ ਅੰਦੋਲਨ ਦਾ ਸਰਗਰਮੀ ਨਾਲ ਸਾਥ ਦੇਣ।ਇਸ ਮੌਕੇ ਹਲਕਾ ਅਮਰਗੜ੍ਹ ਦੇਕਾਂਗਰਸ ਪਾਰਟੀ ਦੇ ਇੰਚਾਰਜ ਸਮਿਤ ਸਿੰਘ ਮਾਨ, ਕਾਂਗਰਸ ਦੇ ਆਗੂ ਮੁਹੰਮਦ ਅਨਵਰ ਮਹਿਬੂਬ, ਜ਼ਿਲ੍ਹਾ ਕਾਂਗਰਸ ਪ੍ਰਧਾਨ ਜਸਪਾਲ ਸਿੰਘ, ਬਲਾਕ ਪ੍ਰਧਾਨ ਆਕਰਮ ਲਿਬੜਾ, ਕੁਲਵਿੰਦਰ ਸਿੰਘ ਝਨੇਰ, ਲਾਲ ਸਿੰਘ ਤੋਲੇਵਾਲ, ਮਹਿਮੂਦ ਰਾਣਾ ਸਮੇਤ ਵੱਡੀ ਗਿਣਤੀ ਕਾਂਗਰਸੀ ਵਰਕਰ ਵੀ ਹਾਜ਼ਰ ਸਨ।

# ਪਰਵੀਨ ਸੰਧੂ ਦੇ ਮਾਤਾ ਦੀ ਤੀਸਰੀ ਬਰਸੀ ਮੌਕੇ ਪਹੁੰਚੇ ਡੇਰਾ ਮੁਖੀ ਬਾਬਾ ਵਰਿੰਦਰ ਸਿੰਘ ਢਿੱਲੋਂ

**ਸੰਜੀਵ ਸਿੰਘ ਸੈਣੀ**

ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਪਰਵੀਨ ਸੰਧੂ ਦੇ ਮਾਤਾ ਸ਼੍ਰੀਮਤੀ ਦਵਿੰਦਰ ਕੌਰ ਸੰਧੂ ਦੀ ਤੀਸਰੀ ਬਰਸੀ ਦਾ ਸਮਾਗਮ ਵੈਲਵੇਟ ਕਲਾਰਕਸ ਐਕਸੋਟਿਕਾ ਰਿਜੋਰਟ, ਜੀਰਕਪੁਰ ਵਿਖੇ ਰਖਿਆ ਗਿਆ। ਜਿਸ ਮੌਕੇ ਬਾਬਾ ਵਰਿੰਦਰ ਸਿੰਘ ਢਿੱਲੋਂ ਜੀ ਅਤੇ ਬਾਬਾ ਕਰਨੈਲ ਸਿੰਘ ਜੀ ਚੰਬਲ ਵਾਲਿਆਂ ਵਲੋਂ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਗਈ। ਇਸ ਮੌਕੇ ਸਾਰਿਆਂ ਨੇ ਮਾਤਾ ਦਵਿੰਦਰ ਕੌਰ ਸੰਧੂ ਨੂੰ ਸ਼ਰਧਾਂਜਲੀ ਦੇ ਫ਼ੁੱਲ ਭੇਂਟ ਕੀਤੇ। ਇਸ ਵਿਸ਼ੇਸ਼ ਸਮਾਗਮ ਦੌਰਾਨ ਪਰਵੀਨ ਸੰਧੂ ਦੀ ਚੌਥੀ ਪੁਸਤਕ ਸ਼ੱਕ ਦਾ ਵਿਮੋਚਨ ਕੀਤਾ ਗਿਆ। ਸ਼੍ਰੀ ਨੀਲੇ ਖਾਨ ਅਤੇ ਟੀਮ ਵਲੋਂ ਸੂਫੀ ਸੰਗੀਤ ਦੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਡੀ. ਜੀ. ਪੀ. ਏ ਐਸ ਰਾਇ, ਡੀ. ਐੱਸ. ਪੀ. ਹਰਮਿੰਦਰ ਸਿੰਘ, ਸ. ਕੁਲਦੀਪ ਸਿੰਘ, ਸ਼੍ਰੀ ਪਵਨ ਕੁਮਾਰ, ਹਰਜੀਤ ਸਿੰਘ ਸਰਜਾ, ਲਖਵਿੰਦਰ ਸਿੰਘ ਧੂਲਕਾ, ਤੇਜਾ ਸਿੰਘ ਥੂਹਾ (ਨਾਮਵਰ ਲੇਖਕ), ਵੈਮਸਲੇਅ ਓਕੂ, ਕੈਥਲੀਨ, ਅਮਰਜੋਤ ਕੌਰ ਸੰਧੂ ਹੋਰਾਂ ਨੇ ਖਾਸ ਤੌਰ ਤੇ ਸਮਾਗਮ ਵਿਚ ਹਾਜ਼ਰੀ ਲਵਾਈ। ਇਸ ਮੌਕੇ ਕੈਥਲੀਨ ਕੌਰ ਨੇ ਜੀਵਨ ਵਿੱਚ ਮਾਂ ਦੀ ਮਹੱਤਤਾ ਬਾਰੇ ਸਪੀਚ ਦਿੱਤੀ। ਜਿਸ ਨਾਲ ਸਾਰਿਆਂ ਦਾ ਮਨ ਮੋਹ ਲਿਆ। ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੇ ਚੇਅਰਮੈਨ ਸ. ਬਲਕਾਰ ਸਿੰਘ ਸਿੱਧੂ (ਰਾਸ਼ਟਰਪਤੀ ਐਵਾਰਡੀ), ਜਨਰਲ ਸਕੱਤਰ ਰਾਜਦੀਪ ਕੌਰ, ਅਰਸ਼ਦੀਪ ਸਿੰਘ ਸੰਧੂ, ਹਰਨੂਰ ਕੌਰ ਸੰਧੂ, ਰੁਪਿੰਦਰ ਕੌਰ ਸੰਧੂ, ਪਰਵਿੰਦਰਪਾਲ ਸਿੰਘ ਸੰਧੂ, ਪਰਮਜੀਤ ਕੌਰ ਸੰਧੂ, ਰੇਸ਼ਮ ਸਿੰਘ, ਸੁਨੀਤਾ ਸੰਧੂ, ਮੁਸਕਾਨ ਸੰਧੂ, ਗੁਰਨੂਰ ਸਿੰਘ, ਡਾ.ਸਾਹਿਲ ਮੋਗਲਾ, ਚਾਹਤ ਚੰਡੀਗੜ੍ਹ ਨੇ ਸਮਾਗਮ ਵਿੱਚ ਆਈਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ।



# ਏਕਮ ਪਬਲਿਕ ਸਕੂਲ ਵਿੱਚ ਮਨਾਇਆ ਗਿਆ ਕ੍ਰਿਸਮਿਸ ਦਾ ਤਿਉਹਾਰ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ ਕ੍ਰਿਸਮਿਸ ਦਾ ਤਿਉਹਾਰ ਬੜੇ ਹੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਨੇ ਦੱਸਿਆ ਕਿ ਇਸ ਮੌਕੇ ਸਕੂਲ ਦੇ ਕੇ ਜੀ ਵਿੰਗ ਦੇ ਬੱਚੇ ਸੈਂਟਾ ਕਲੋਜ ਵਾਲੀ ਡਰੈੱਸ ਵਿੱਚ ਨਜ਼ਰ ਆਏ। ਨੰਨੇ ਮੁੰਨੇ ਸੈਂਟਾ ਕਲੋਜ਼ ਵੱਲੋਂ ਕਲਾਸਾਂ ਵਿੱਚ ਕੈਂਡੀਜ਼ ਅਤੇ ਚੌਕਲੇਟਸ ਵੰਡੀਆਂ ਗਈਆਂ। ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਨੇ ਕਿਹਾ ਕਿ ਸਕੂਲ ਹੀ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਬੱਚਾ ਰਹਿ ਕੇ ਬੱਚਿਆਂ ਨੂੰ ਧਰਮ ਨਿਰਪੱਖ ਹੋ ਕੇ ਸਭ ਧਰਮਾਂ ਦਾ ਸਤਿਕਾਰ ਕਰਨਾ ਸਿਖਾਇਆ ਜਾਂਦਾ ਹੈ। ਉਹਨਾਂ ਇਹ ਵੀ ਕਿਹਾ ਕਿ ਅਜਿਹਾ ਕਰਨ ਦੇ ਨਾਲ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ ਜਿਸ ਦੀ ਕਿ ਅੱਜ ਦੇ ਸਮਾਜ ਨੂੰ ਬਹੁਤ ਜਿਆਦਾ ਜ਼ਰੂਰਤ ਹੈ। ਪ੍ਰੋਗਰਾਮ ਨੂੰ ਸਫਲਤਾ ਪੂਰਵਕ ਨੇਪਰੇ ਚਾੜਨ ਵਿੱਚ ਬਲੌਕ ਹੈੱਡ ਮੈਡਮ ਨੇਹਾ ਭੱਲਾ ਅਤੇ ਮੈਡਮ ਡਿੰਪਲ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਸਕੂਲ ਮੈਂਨਜਮੈਂਟ ਤੋਂ ਸਰਦਾਰ ਦਲਜੀਤ ਸਿੰਘ, ਵਾਈਸ ਪ੍ਰਿੰਸੀਪਲ ਦਲਜੀਤ ਕੌਰ, ਸਮੀਕਸ਼ਾ ਸ਼ਰਮਾ, ਬਲੌਕ ਹੈੱਡ ਦਵਿੰਦਰ ਨਾਹਰ, ਐਡਮਿੰਨ ਹੈੱਡ ਸਮੀਰ, ਸਤਿੰਦਰ ਕੌਰ, ਮਨਪ੍ਰੀਤ ਕੌਰ ਅਤੇ ਬਾਕੀ ਸਭ ਹਾਜ਼ਰ ਸਨ। ਇਸ ਦੇ ਨਾਲ ਹੀ ਪ੍ਰਿੰਸੀਪਲ ਮੈਡਮ ਅਮਨਦੀਪ ਕੌਰ ਵੱਲੋਂ ਏਕਮ ਪਬਲਿਕ ਸਕੂਲ ਦੀ ਤਰਫੋਂ ਸਾਰਿਆਂ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਦੀ ਵਧਾਈ ਦਿੱਤੀ ਗਈ । ਉਹਨਾਂ ਕਿਹਾ ਕਿ ਨਵਾਂ ਸਾਲ ਸਾਰਿਆਂ ਦੇ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ।



# ਜਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕਾਂਗਰਸ ਪਾਰਟੀ ਦਾ ਝੰਡਾ ਲਹਿਰਾਇਆ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਅਜੇ ਮੰਗੂਪੁਰ ਦੀ ਅਗਵਾਈ ਵਿੱਚ ਬਲਾਚੌਰ ਵਿਖੇ ਕਾਂਗਰਸ ਪਾਰਟੀ ਦੇ ਦਫਤਰ ਵਿਖੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ 140 ਵੇਂ ਸਥਾਪਨਾ ਦਿਵਸ ਦੇ ਮੌਕੇ ਤੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਇਸ ਮੌਕੇ ਦੇਸ਼ ਦੀ ਅਜਾਦੀ ਦੀ ਲੜਾਈ ਵਿੱਚ ਕਾਂਗਰਸ ਵੱਲੋਂ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਕਿਹਾ ਕੀ ਦੇਸ਼ ਦੀ ਅਜਾਦੀ ਵਿੱਚ ਕਾਂਗਰਸ ਦਾ ਵਡਮੁੱਲਾ ਯੋਗਦਾਨ ਹੈ ਕਾਂਗਰਸ ਦੇ ਲੀਡਰਾਂ ਨੇ ਦੇਸ਼ ਦੀ ਅਜਾਦੀ ਲਈ ਆਪਣੀਆਂ ਕੁਰਬਾਨੀਆਂ ਦਿੱਤੀਆਂ ਤਸੀਹੇ ਝੱਲੇ ਦੇਸ਼ ਦੀ ਜਨਤਾ ਨਾਲ ਅੰਗਰੇਜ਼ਾਂ ਵੱਲੋ ਕੀਤੇ ਜਾਂਦੇ ਹਰ ਧੱਕੇ ਦਾ ਡਟ ਕੇ ਵਿਰੋਧ ਕੀਤਾ ਅਤੇ ਹਮੇਸ਼ਾ ਹੀ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਕੰਮ ਕੀਤਾ ਅਤੇ ਅਜਾਦੀ ਤੋਂ ਬਾਅਦ ਦੇਸ਼ ਨੂੰ ਵਿਕਸਤ ਭਾਰਤ ਬਣਾਉਣ ਲਈ ਸ਼੍ਰੀ ਜਵਾਹਰ ਲਾਲ ਨਹਿਰੂ , ਸ਼੍ਰੀ ਲਾਲ ਬਹਾਦਰ ਸ਼ਾਸ਼ਤਰੀ , ਸ਼੍ਰੀਮਤੀ ਇੰਦਿਰਾ ਗਾਂਧੀ , ਸ਼੍ਰੀ ਰਾਜੀਵ ਗਾਂਧੀ ਅਤੇ ਸਰਦਾਰ ਮਨਮੋਹਨ ਸਿੰਘ ਵਰਗੇ ਮਹਾ ਨਾਇਕਾਂ ਨੇ ਆਪਣਾ ਪੂਰਾ ਯੋਗਦਾਨ ਪਾਇਆ ਪਰ ਅੱਜ ਦੇ ਹਾਲਾਤ ਦੇਖ ਕੇ ਦੁੱਖ ਹੁੰਦਾ ਹੈ ਦੇਸ਼ ਦੀ ਆਪਸੀ ਸਾਂਝ ਅਤੇ ਭਾਈਵਾਲਤਾ ਨੂੰ ਜਿਸ ਤਰ੍ਹਾਂ ਕੁਚਲਿਆ ਜਾ ਰਿਹਾ ਹੈ ਕਾਂਗਰਸ ਵੱਲੋ ਬਣਾਏ ਗਏ ਵੱਡੇ ਵੱਡੇ ਸੰਸਥਾਨਾਂ ਨੂੰ ਵੱਡੇ ਵੱਡੇ ਉਦਯੋਗਪਤੀਆ ਨੂੰ ਵੇਚਿਆ ਜਾ ਰਿਹਾ ਹੈ ਸਰਕਾਰੀ ਸੰਸਥਾਨ ਜੋ ਚਾਹੇ ਓਹ ਸੀਬੀਆਈ ਈਡੀ, ਇਲੈਕਸ਼ਨ ਕਮਿਸ਼ਨ ਵਗੈਰਾ ਜੋ ਕਾਂਗਰਸ ਸਮੇਂ ਆਪਣੀ ਪੂਰੀ ਅਜ਼ਾਦੀ ਨਾਲ ਕੰਮ ਕਰਦੇ ਸਨ ਅੱਜ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ ਉੱਤੇ ਕੰਮ ਕਰਦੇ ਹਨ ਪਰ ਅੱਜ ਵੀ ਕਾਂਗਰਸ ਪਾਰਟੀ ਦੇਸ਼ ਦੀ ਅਜਾਦੀ ਦੀ ਲੜਾਈ ਵਾਂਗ ਇਹ ਲੜਾਈ ਲੜ ਰਹੀ ਹੈ ਅਤੇ ਉਸ ਵਕਤ ਤੱਕ ਲੜਦੀ ਰਹੇਗੀ ਜਦ ਤਕ ਪਰਾਣੀਆਂ ਕਦਰਾਂ ਕੀਮਤਾਂ ਕਾਇਮ ਨਹੀਂ ਹੁੰਦੀਆਂ ਇਸ ਮੌਕੇ ਕੁਲ-ਵਰਨ ਸਿੰਘ ਬਲਾਕ ਪ੍ਰਧਾਨ ਬੰਗਾ, ਤਰਸੇਮ ਲਾਲ ਚੰਨਿਆਣੀ ਸਾਬਕਾ ਚੇਅਰਮੈਨ, ਵਿਜੇ ਮੋਹਨ ਟਕਾਰਲਾ ਸਾਬਕਾ ਚੇਅਰਮੈਨ, ਸੁਰਿੰਦਰ ਸ਼ਿੰਦਾ ਪ੍ਰਧਾਨ ਰੈਲਮਾਜਰਾ, ਰਾਜਿੰਦਰ ਸਿੰਘ ਸ਼ਿੰਦੀ ਦਫ਼ਤਰ ਸਕੱਤਰ ਡੀ.ਸੀ.ਸੀ. ਅਤੇ ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ ਨੇ ਕਾਂਗਰਸ ਦੀ ਇਸ ਵਰੇਗੰਢ ਤੇ ਸਾਰੇ ਕਾਂਗਰਸ ਵਰਕਰਾਂ ਨੂੰ ਮੁਬਾਰਕਾਂ ਦਿੱਤੀਆਂ ਇਸ ਮੌਕੇ ਮਹਿੰਦਰਪਾਲ ਊਧਨਵਾਲ, ਦੇਸ ਰਾਜ ਹਕਲਾ ਬਲਾਕ ਸੰਮਤੀ, ਜਿੰਦਰ ਕੁਮਾਰ ਬਲਾਕ ਪ੍ਰਧਾਨ ਐਸ ਸੀ ਸੈੱਲ, ਕੁਲਦੀਪ ਸਿੰਖ ਦੀਪਾ ਪ੍ਰਧਾਨ ਕਿਸਾਨ ਸੈੱਲ ਬਲਾਚੌਰ, ਜਤਿੰਦਰ ਦਿਆਲ ਪ੍ਰਧਾਨ ਕਿਸਾਨ ਸੈੱਲ ਸੜੋਆ, ਨਾਨਕ ਸਿੰਘ ਜੰਡੀ ਬਲਾਕ ਸੰਮਤੀ, ਮਦਨ ਟੋਂਸਾ, ਮਨੋਹਰ ਲਾਲ ਭਾਟੀਆ ਸੀਨੀਅਰ ਆਗੂ, ਤਰਲੋਚਨ ਰੱਕੜ, ਪਰਮਜੀਤ ਕੌਰ ਸ਼ਹਿਰੀ ਪ੍ਰਧਾਨ ਮਹਿਲਾ ਵਿੰਗ, ਅਵਤਾਰ ਸਿੰਘ ਸੈਣੀ ਚੇਅਰਮੈਨ ਓ ਬੀ ਸੀ, ਕੌਂਸਲਰ ਨਰੇਸ਼ ਚੇਚੀ, ਰਿਕੀ ਬਜਾਜ ਸਾਬਕਾ ਕੌਂਸਲਰ, ਪਾਨੀ ਕੁਮਾਰ ਕੌਂਸਲਰ, ਸੋਮ ਨਾਥ ਤੱਕਲਾ,ਪਰਵੀਨ ਕਾਠਗੜ੍ਹ, ਲਾਲ ਬਹਾਦਰ ਗਾਂਧੀ, ਦਿਨੇਸ਼ ਕੁਮਾਰ ਗੰਗੜ, ਵਿਕੀ ਚੌਧਰੀ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।



# ਬੰਗਾ ਦੇ ਲੜੋਆ ਪਿੰਡ ਦੀ ਵਸਨੀਕ ਮਾਤਾ ਵਿਦਿਆ ਦਾ ਮੌਤ ਤੋਂ ਬਾਅਦ ਹੋਇਆ ਸਰੀਰ ਦਾਨ

## ਮੌਤ ਤੋਂ ਬਾਅਦ ਸਰੀਰ ਦਾਨ ਕਰਨਾ ਦੇਸ਼ ਦੀ ਸੇਵਾ ਹੈ: ਰਤਨ ਕੁਮਾਰ ਜੈਨ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਜਾਣਕਾਰੀ ਦਿੰਦੇ ਹੋਏ, ਦੋਆਬਾ ਸੇਵਾ ਸਮਿਤੀ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਤਹਿਸੀਲ ਬੰਗਾ ਦੇ ਲੜੋਆ ਪਿੰਡ ਦੇ ਵਸਨੀਕ ਹਰਭਜਨ ਰਾਮ ਦੀ ਪਤਨੀ ਮਾਤਾ ਵਿਦਿਆ ਦਾ ਸੰਖੇਪ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ ਸੀ। ਮ੍ਰਿਤਕ ਦੇ ਪੁੱਤਰਾਂ ਪਰਸ਼ੋਤਮ ਰਾਮ, ਜਸਵਿੰਦਰ ਰਾਮ ਅਤੇ ਜਗਜੀਵਨ ਰਾਮ ਨੇ ਆਪਣੀ ਮਾਂ ਵਿਦਿਆ ਦੀ ਮੌਤ ਤੋਂ ਬਾਅਦ ਆਪਣਾ ਸਰੀਰ ਦਾਨ ਕਰਨ ਦੀ ਆਖਰੀ ਇੱਛਾ ਪੂਰੀ ਕਰਦੇ ਹੋਏ ਨਿੱਜੀ ਤੌਰ 'ਤੇ ਉਸਦੀ ਦੇਹ ਪਿਮਸ ਹਸਪਤਾਲ ਅਤੇ ਮੈਡੀਕਲ ਕਾਲਜ, ਜਲੰਧਰ ਪਹੁੰਚਾਈ। ਇਸ ਮੌਕੇ ਪੁਰਸ਼ੋਤਮ ਰਾਮ ਨੇ ਕਿਹਾ ਕਿ ਡੇਰਾ ਬਿਆਸ ਵਿਖੇ ਅਧਿਆਤਮਿਕ ਪ੍ਰਵਚਨ ਤੋਂ ਪ੍ਰੇਰਿਤ ਹੋ ਕੇ ਉਸਦੀ ਮਾਂ ਨੇ ਉਸਦੀ ਮੌਤ ਤੋਂ ਬਾਅਦ ਆਪਣਾ ਸਰੀਰ ਦਾਨ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ । ਉਸਨੂੰ ਉਮੀਦ ਸੀ ਕਿ ਉਸਦਾ ਸਰੀਰ ਕਿਸੇ ਦੇ ਕੰਮ ਆਵੇਗਾ। ਉਸਨੇ ਡੇਰਾ ਬਿਆਸ ਮੁਕੰਦਪੁਰ ਦੇ ਸਕੱਤਰ ਨਿਰਮਲ ਰਾਮ ਰਾਹੀਂ ਦੋਆਬਾ ਸੇਵਾ ਸਮਿਤੀ, ਨਵਾਂਸ਼ਹਿਰ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਦੇ ਕੋਲ ਸ਼ਰੀਰ ਦਾਨ ਦਾ ਫਾਰਮ ਭਰਿਆ ਸੀ। ਉਨ੍ਹਾਂ ਨੇ ਆਪਣੀ ਮਾਂ ਦੀ ਇੱਛਾ ਪੂਰੀ ਕਰਨ ਵਿੱਚ ਸਹਿਯੋਗ ਦੇਣ ਲਈ ਦੋਆਬਾ ਸੇਵਾ ਸਮਿਤੀ ਨਵਾਂਸ਼ਹਿਰ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਦੋਆਬਾ ਸੇਵਾ ਸਮਿਤੀ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ, ਸੇਵਾਮੁਕਤ ਬੈਂਕ ਮੈਨੇਜਰ ਅਸ਼ੋਕ ਸ਼ਰਮਾ ਅਤੇ ਗੁਰਦੀਪ ਸਿੰਘ ਹਾਫਿਜ਼ਾਬਾਦੀ ਨੇ ਮ੍ਰਿਤਕਾ ਦੇ ਘਰ ਜਾ ਕੇ ਉਨ੍ਹਾਂ ਦੀ ਦੇਹ 'ਤੇ ਫੁੱਲ ਚੜ੍ਹਾ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਮ੍ਰਿਤਕਾ ਵਿਦਿਆ ਦਾ ਸਰੀਰ ਮੈਡੀਕਲ ਵਿਦਿਆਰਥੀਆਂ ਦੀ ਸਿੱਖਿਆ ਪ੍ਰਾਪਤ ਕਰਨ ਵਿੱਚ ਮਦਦਗਾਰ ਹੋਵੇਗਾ। ਉਨ੍ਹਾਂ ਦੀ ਦੇਹ ਨਾਲ ਪੜ੍ਹਾਈ ਕਰਕੇ ਵਿਦਿਆਰਥੀ ਦੂਜਿਆਂ ਦੀਆਂ ਜਾਨਾਂ ਬਚਾਉਣਗੇ। ਇਹ ਇੱਕ ਮਹੱਤਵਪੂਰਨ ਰਾਸ਼ਟਰੀ ਸੇਵਾ ਹੈ। ਉਨ੍ਹਾਂ ਨੇ ਇਸ ਸਮਾਜ ਸੇਵਾ ਵਿੱਚ ਪਰਿਵਾਰ ਦੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਹੁਣ ਤੱਕ 150 ਲੋਕਾਂ ਨੇ ਉਨ੍ਹਾਂ ਕੋਲ ਆਪਣੀ ਮੌਤ ਤੋਂ ਬਾਅਦ ਆਪਣੇ ਸਰੀਰ ਦਾਨ ਕਰਨ ਲਈ ਫਾਰਮ ਜਮ੍ਹਾਂ ਕਰਵਾਏ ਹਨ। ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਪਰਸ਼ੋਤਮ ਰਾਮ, ਜਸਵਿੰਦਰ ਰਾਮ, ਜਗਜੀਵਨ ਰਾਮ (ਪੁੱਤਰ), ਸੁਖਵਿੰਦਰ ਕੌਰ, ਰੁਪਿੰਦਰ ਕੌਰ, ਮਨਜੀਤ ਕੌਰ (ਨੂੰਹ), ਬਲਬੀਰ ਕੌਰ (ਬੇਟੀ),ਰਸ਼ਪਾਲ ਸਿੰਘ (ਜਵਾਈ), ਧਰਮਜੀਤ, ਕਰਨਜੀਤ, ਕਾਰਤਿਕ, ਨਰਿੰਦਰ ਸਿੰਘ, ਹਰਲੀਨ ਕੌਰ, ਕੌਰ, ਮਨਰੀਤ ਕੌਰ, ਦਵਿੰਦਰ ਕੌਰ , ਸਰਪੰਚ ਜਸਵੀਰ ਸਿੰਘ ਅਤੇ ਪਤਵੰਤੇ ਹਾਜ਼ਰ ਸਨ।



ਦੋਆਬਾ ਸੇਵਾ ਸਮਿਤੀ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ,ਅਸ਼ੋਕ ਸ਼ਰਮਾ ਅਤੇ ਗੁਰਦੀਪ ਸਿੰਘ ਹਾਫਿਜ਼ਾਬਾਦੀ ਨੇ ਮ੍ਰਿਤਕਾ ਦੇ ਘਰ ਜਾ ਕੇ ਉਨ੍ਹਾਂ ਦੀ ਦੇਹ 'ਤੇ ਫੁੱਲ ਚੜ੍ਹਾ ਕੇ ਸ਼ਰਧਾਂਜਲੀ ਭੇਟ ਕਰਦੇ ਹੋਏ ।

ਤਸਵੀਰ

## ਰਾਏਕੋਟ ਦੇ ਸਿਮਰ ਹੋਟਲ 'ਚ ਜਲਾਲਦੀਵਾਲ ਦੇ ਨੌਜਵਾਨ ਨੇ ਖੁਦ ਨੂੰ ਮਾਰੀ ਗੋਲੀ



**ਰਾਏਕੋਟ (ਗੁਰਭਿੰਦਰ ਗੁਰੀ)** ਰਾਏਕੋਟ ਦੇ ਸਿਮਰ ਹੋਟਲ ਦੇ ਇੱਕ ਕਮਰੇ ਵਿੱਚ ਜਲਾਲਦੀਵਾਲ ਪਿੰਡ ਦੇ ਇੱਕ ਨੌਜਵਾਨ ਨੇ ਖੁਦਕੁਸ਼ੀ ਕਰ ਲਈ ਹੈ। ਨੌਜਵਾਨ ਦੀ ਪਛਾਣ ਗੁਰਬੀਰ ਸਿੰਘ ਉਰਫ਼ ਕਮਲ ਵਜੋਂ ਹੋਈ ਹੈ। ਐਤਵਾਰ ਰਾਤ ਨੂੰ, ਕਮਲ ਆਪਣੇ ਕਈ ਦੋਸਤਾਂ ਨਾਲ ਪਾਰਟੀ 'ਤੇ ਸੀ। ਦੇਰ ਰਾਤ, ਉਸਨੇ ਉਨ੍ਹਾਂ ਨੂੰ ਆਪਣੀ ਕਾਰ ਵਿੱਚ ਜਲਾਲਦੀਵਾਲ ਪਿੰਡ ਵਿੱਚ ਛੱਡ ਦਿੱਤਾ ਅਤੇ ਹੋਟਲ ਦੇ ਕਮਰੇ ਵਿੱਚ ਵਾਪਸ ਆ ਗਿਆ। ਰਿਪੋਰਟ ਅਨੁਸਾਰ, ਕਮਲ ਦੇ ਪਰਿਵਾਰ ਨੇ ਉਸਦਾ ਵਿਆਹ ਤੈਅ ਕੀਤਾ ਸੀ। ਉਹ 16 ਜਨਵਰੀ ਨੂੰ ਹੋਣ ਵਾਲਾ ਸੀ। ਵਿਆਹ ਦੀ ਤਰੀਕ ਤੈਅ ਹੋਣ ਤੋਂ ਬਾਅਦ ਕਮਲ ਪਰੇਸ਼ਾਨ ਹੋ ਗਿਆ ਸੀ। ਉਸਦੇ ਦੋਸਤਾਂ ਨੇ ਦੱਸਿਆ ਕਿ ਕਮਲ ਲਗਾਤਾਰ ਰੋ ਰਿਹਾ ਸੀ। ਸੋਮਵਾਰ ਸਵੇਰੇ, ਕਮਲ ਨੇ ਆਪਣੀ ਸਰਕਾਰੀ ਪਿਸਤੌਲ ਨਾਲ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਦੱਸਿਆ ਗਿਆ ਹੈ ਕਿ ਕਮਲ ਨਿਯਮਿਤ ਤੌਰ 'ਤੇ ਸਿਮਰ ਹੋਟਲ ਜਾਂਦਾ ਸੀ ਅਤੇ ਦੋਸਤਾਂ ਨਾਲ ਪਾਰਟੀਆਂ ਦਾ ਆਨੰਦ ਮਾਣਦਾ ਸੀ, ਪਰ ਜਦੋਂ ਤੋਂ ਉਸਦਾ ਵਿਆਹ ਤੈਅ ਹੋਇਆ ਸੀ, ਉਹ ਬਹੁਤ ਜ਼ਿਆਦਾ ਉਦਾਸ ਸੀ। ਉਸਦਾ ਭਾਰ ਵੀ ਜ਼ਿਆਦਾ ਸੀ ਅਤੇ ਅਕਸਰ ਆਪਣੇ ਦੋਸਤਾਂ ਨਾਲ ਇਲਾਜ ਬਾਰੇ ਚਰਚਾ ਕਰਦਾ ਸੀ। ਰਾਏਕੋਟ ਸਿਟੀ ਪੁਲਿਸ ਮੌਕੇ 'ਤੇ ਪਹੁੰਚ ਗਈ ਹੈ। ਸਵਾਲ ਇਹ ਉੱਠਦਾ ਹੈ ਕਿ ਕਮਲ ਆਪਣੇ ਪਿੰਡ ਤੋਂ ਵਾਪਸ ਆਉਣ ਤੋਂ ਬਾਅਦ ਰਾਏਕੋਟ ਦੇ ਬਰਨਾਲਾ ਚੌਕ 'ਤੇ ਸਿਮਰ ਹੋਟਲ ਵਿੱਚ ਕਿਉਂ ਰੁਕਿਆ। ਜਲਾਲਦੀਵਾਲ ਪਿੰਡ ਕੁਝ ਕਿਲੋਮੀਟਰ ਦੂਰ ਹੈ।

ਡੀਐਸਪੀ ਰਾਏਕੋਟ ਹਰਜਿੰਦਰ ਸਿੰਘ ਅਤੇ ਸਿਟੀ ਪੁਲਿਸ ਸਟੇਸ਼ਨ ਇੰਚਾਰਜ ਗੁਰਸੇਵਕ ਸਿੰਘ ਨੇ ਘਟਨਾ ਸਥਾਨ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਡੀਐਸਪੀ ਹਰਜਿੰਦਰ ਸਿੰਘ ਨੇ ਦੱਸਿਆ ਕਿ ਜਿਸ ਕਮਰੇ ਵਿੱਚ ਇਹ ਘਟਨਾ ਵਾਪਰੀ ਹੈ, ਉਸ ਨੂੰ ਸੀਲ ਕਰ ਦਿੱਤਾ ਗਿਆ ਹੈ। ਕਮਰੇ ਵਿੱਚ ਦਾਖਲ ਹੋਣ ਦੀ ਫਿਲਹਾਲ ਮਨਾਹੀ ਹੈ।




ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਸਰਦਾਰ ਅਵਤਾਰ ਸਿੰਘ ਜੀ ਬੱਲ ਦੀ ਅੱਠਵੀਂ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਸਮਾਗਮ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।




## ਘਰ ਨੂੰ ਅੱਗ ਲੱਗਣ ਕਾਰਨ ਦੋ ਬੱਚਿਆਂ ਸਮੇਤ ਮਾਂ ਦੀ ਮੌਤ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਦੇ ਗਲੌਸਟਰਸ਼ਾਇਰ ਸੂਬੇ ਦੇ ਸਟ੍ਰਾਊਡ ਸ਼ਹਿਰ ਨੇੜਲੇ ਇਲਾਕੇ ਬ੍ਰਿਮਜ਼ਕੋਮ ਹਿੱਲ ਵਿੱਚ ਬਾਕਸਿੰਗ ਡੇ ਦੇ ਦਿਨ ਘਰ ਅੰਦਰ ਲੱਗੀ ਭਿਆਨਕ ਅੱਗ ਨੇ ਇੱਕ ਪਰਿਵਾਰ ਦੀਆਂ ਖੁਸ਼ੀਆਂ ਸਦਾ ਲਈ ਖੋਹ ਲਈਆਂ। ਇਸ ਦਰਦਨਾਕ ਹਾਦਸੇ ਵਿੱਚ ਇੱਕ ਮਾਂ ਅਤੇ ਉਸ ਦੇ ਦੋ ਨਨ੍ਹੇ ਬੱਚਿਆਂ ਦੀ ਮੌਤ ਹੋ ਗਈ, ਜਿਸ ਨਾਲ ਸਾਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

ਪੁਲਿਸ ਅਤੇ ਫਾਇਰ ਬ੍ਰਿਗੇਡ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਅੱਗ ਅਚਾਨਕ ਘਰ ਵਿੱਚ ਭੜਕ ਉਠੀ, ਜਿਸ ਸਮੇਂ ਘਰ ਦੇ ਅੰਦਰ ਸੱਤ ਸਾਲਾ ਲੜਕੀ, ਚਾਰ ਸਾਲਾ ਲੜਕਾ ਅਤੇ ਉਨ੍ਹਾਂ ਦੀ ਮਾਂ ਮੌਜੂਦ ਸਨ। ਅੱਗ ਦੇ ਭਿਆਨਕ ਰੂਪ ਧਾਰਨ ਕਰਨ ਕਾਰਨ ਤਿੰਨੇ ਘਰ ਦੇ ਅੰਦਰ ਹੀ ਫਸ ਗਏ। ਨੇੜਲੇ ਰਹਾਇਸ਼ੀਆਂ ਵੱਲੋਂ ਧੂੰਏਂ ਅਤੇ ਅੱਗ ਦੀਆਂ ਲਪਟਾਂ ਦੇਖ ਕੇ ਤੁਰੰਤ ਐਮਰਜੈਂਸੀ ਸੇਵਾਵਾਂ ਨੂੰ ਸੂਚਨਾ ਦਿੱਤੀ ਗਈ। ਸੂਚਨਾ ਮਿਲਦਿਆਂ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ, ਪੁਲਿਸ ਅਤੇ ਐਂਬੂਲੈਂਸ ਟੀਮਾਂ ਮੌਕੇ ‘ਤੇ ਪਹੁੰਚ ਗਈਆਂ। ਫਾਇਰ ਫਾਈਟਰਾਂ ਨੇ ਕਾਫ਼ੀ ਸਮੇਂ ਤੱਕ ਅੱਗ ‘ਤੇ ਕਾਬੂ ਪਾਉਣ ਲਈ ਜੰਗੀ ਪੱਧਰ ‘ਤੇ ਕੰਮ ਕੀਤਾ, ਪਰ ਅਫ਼ਸੋਸਜਨਕ ਤੌਰ ‘ਤੇ ਤਿੰਨਾਂ ਦੀ ਜਾਨ ਨਹੀਂ ਬਚਾਈ ਜਾ ਸਕੀ। ਪੁਲਿਸ ਨੇ ਦੱਸਿਆ ਕਿ ਮਾਂ ਅਤੇ ਇੱਕ ਬੱਚੇ ਦੀ ਲਾਸ਼ ਐਤਵਾਰ ਨੂੰ ਬਰਾਮਦ ਕੀਤੀ ਗਈ ਸੀ, ਜਦਕਿ ਦੂਜੇ ਬੱਚੇ ਦੀ ਲਾਸ਼ ਬਾਅਦ ਵਿੱਚ ਘਰ ਦੇ ਅੰਦਰੋਂ ਮਿਲੀ। ਇਸ ਹਾਦਸੇ ਤੋਂ ਬਾਅਦ ਇਲਾਕੇ ਨੂੰ ਪੁਲਿਸ ਵੱਲੋਂ ਘੇਰਾਬੰਦੀ ਕਰਕੇ ਸੀਲ ਕਰ ਦਿੱਤਾ ਗਿਆ ਹੈ ਅਤੇ ਅੱਗ ਲੱਗਣ ਦੇ ਅਸਲ ਕਾਰਨਾਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਫੋਰੈਂਸਿਕ ਟੀਮਾਂ ਵੀ ਮੌਕੇ ‘ਤੇ ਪਹੁੰਚ ਕੇ ਸਬੂਤ ਇਕੱਠੇ ਕਰ ਰਹੀਆਂ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਅੱਗ ਲੱਗਣ ਦੇ ਕਾਰਨਾਂ ਬਾਰੇ ਸਪਸ਼ਟ ਜਾਣਕਾਰੀ ਸਾਹਮਣੇ ਆਵੇਗੀ। ਸਥਾਨਕ ਲੋਕਾਂ ਨੇ ਦੱਸਿਆ ਕਿ ਇਹ ਘਟਨਾ ਪੂਰੇ ਇਲਾਕੇ ਲਈ ਇੱਕ ਵੱਡਾ ਸਦਮਾ ਹੈ। ਨੇੜਲੇ ਵਸਨੀਕਾਂ ਮੁਤਾਬਕ ਪਰਿਵਾਰ ਮਿਲਣਸਾਰ ਸੀ ਅਤੇ ਬੱਚੇ ਇਲਾਕੇ ਵਿੱਚ ਸਭ ਦੇ ਚਾਹਤੇ ਸਨ। ਇਸ ਦੁੱਖਦਾਈ ਹਾਦਸੇ ਕਾਰਨ ਕ੍ਰਿਸਮਸ ਅਤੇ ਬਾਕਸਿੰਗ ਡੇ ਦੀਆਂ ਖੁਸ਼ੀਆਂ ਸੋਗ ਵਿੱਚ ਤਬਦੀਲ ਹੋ ਗਈਆਂ ਹਨ। ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਵੀ ਇਸ ਅੱਗ ਨਾਲ ਸਬੰਧਤ ਕੋਈ ਜਾਣਕਾਰੀ ਜਾਂ ਵੀਡੀਓ ਫੁਟੇਜ ਹੋਵੇ ਤਾਂ ਉਹ ਜਾਂਚ ਵਿੱਚ ਸਹਿਯੋਗ ਦੇਣ। ਇਸ ਦਰਦਨਾਕ ਹਾਦਸੇ ਨੇ ਇਕ ਵਾਰ ਫਿਰ ਘਰਾਂ ਵਿੱਚ ਅੱਗ ਤੋਂ ਬਚਾਅ ਲਈ ਸਾਵਧਾਨੀਆਂ ਦੀ ਲੋੜ ਵੱਲ ਧਿਆਨ ਖਿੱਚਿਆ ਹੈ।

# ਦੋ ਕਾਰਾਂ ਦੀ ਟੱਕਰ ਮਗਰੋਂ ਭੱਜੇ ਹਥਿਆਰਬੰਦ ਡਰਾਈਵਰ ਦੀ ਪੁਲਿਸ ਦੀ ਗੋਲੀ ਨਾਲ ਮੌਤ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਦੇ ਨੋਰਫ਼ੋਕ ਇਲਾਕੇ ਵਿੱਚ ਇਕ ਦਰਦਨਾਕ ਘਟਨਾ ਵਾਪਰੀ, ਜਿੱਥੇ ਦੋ ਗੱਡੀਆਂ ਦੀ ਟੱਕਰ ਤੋਂ ਬਾਅਦ ਭੱਜੇ ਇਕ ਡਰਾਈਵਰ ਨੂੰ ਪੁਲਿਸ ਨੇ ਗੋਲੀ ਮਾਰ ਦਿੱਤੀ। ਗੋਲੀ ਲੱਗਣ ਕਾਰਨ ਡਰਾਈਵਰ ਦੀ ਮੌਤ ਹੋ ਗਈ। ਇਸ ਘਟਨਾ ਨਾਲ ਇਲਾਕੇ ਵਿੱਚ ਸਹਿਮ ਦਾ ਮਾਹੌਲ ਬਣ ਗਿਆ।

ਮਿਲੀ ਜਾਣਕਾਰੀ ਮੁਤਾਬਕ ਦੋ ਕਾਰਾਂ ਆਪਸ ਵਿੱਚ ਟਕਰਾ ਗਈਆਂ। ਟੱਕਰ ਹੋਣ ਮਗਰੋਂ ਇਕ ਡਰਾਈਵਰ ਗੱਡੀ ਛੱਡ ਕੇ ਭੱਜਣ ਲੱਗ ਪਿਆ। ਲੋਕਾਂ ਦਾ ਕਹਿਣਾ ਹੈ ਕਿ ਉਸ ਦੇ ਹੱਥ ਵਿੱਚ ਪਿਸਤੌਲ ਵਰਗੀ ਚੀਜ਼ ਸੀ। ਕਿਸੇ ਨੇ ਤੁਰੰਤ ਪੁਲਿਸ ਨੂੰ ਸੂਚਨਾ ਦੇ ਦਿੱਤੀ। ਕੁਝ ਹੀ ਸਮੇਂ ਵਿੱਚ ਹਥਿਆਰਬੰਦ ਪੁਲਿਸ ਮੌਕੇ 'ਤੇ ਪਹੁੰਚ ਗਈ।ਪੁਲਿਸ ਵੱਲੋਂ ਦੱਸਿਆ ਗਿਆ ਹੈ ਕਿ ਡਰਾਈਵਰ ਨੂੰ ਰੁਕਣ ਲਈ ਕਿਹਾ ਗਿਆ ਸੀ, ਪਰ ਉਸ ਨੇ ਗੱਲ ਨਾ ਮੰਨੀ। ਹਾਲਾਤ ਗੰਭੀਰ ਬਣਦੇ ਵੇਖ ਕੇ ਪੁਲਿਸ ਨੇ ਗੋਲੀ ਚਲਾ ਦਿੱਤੀ। ਡਰਾਈਵਰ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਉਸ ਨੂੰ ਫ਼ੌਰਨ ਹਸਪਤਾਲ ਲਿਜਾਇਆ ਗਿਆ, ਪਰ ਉੱਥੇ ਉਸ ਦੀ ਮੌਤ ਹੋ ਗਈ।

ਇਸ ਮਾਮਲੇ ਦੀ ਪੁਸ਼ਟੀ ਨੋਰਫੋਕ ਪੁਲਿਸ ਵੱਲੋਂ ਕੀਤੀ ਗਈ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਦਮ ਲੋਕਾਂ ਦੀ ਜਾਨ ਬਚਾਉਣ ਲਈ ਚੁੱਕਿਆ ਗਿਆ। ਘਟਨਾ ਵਾਲੀ ਥਾਂ ਨੂੰ ਘੇਰ ਕੇ ਕਈ ਘੰਟਿਆਂ ਤੱਕ ਜਾਂਚ ਚਲਦੀ ਰਹੀ ਅਤੇ ਸੜਕ ਬੰਦ ਰੱਖੀ ਗਈ।ਇਲਾਕੇ ਦੇ ਵਸਨੀਕਾਂ ਨੇ ਦੱਸਿਆ ਕਿ ਪਹਿਲਾਂ ਟੱਕਰ ਦੀ ਉੱਚੀ ਆਵਾਜ਼ ਆਈ, ਫਿਰ ਪੁਲਿਸ ਦੀਆਂ ਗੱਡੀਆਂ ਅਤੇ ਸਾਇਰਨਾਂ ਨਾਲ ਸਾਰਾ ਇਲਾਕਾ ਗੂੰਜ ਉਠਿਆ। ਲੋਕ ਡਰ ਦੇ ਮਾਰੇ ਘਰਾਂ ਵਿੱਚ ਹੀ ਰਹੇ। ਕਈਆਂ ਨੇ ਕਿਹਾ ਕਿ ਅਜਿਹੀ ਘਟਨਾ ਪਹਿਲੀ ਵਾਰ ਵੇਖੀ ਹੈ।ਪੁਲਿਸ ਨੇ ਆਖਿਆ ਹੈ ਕਿ ਨਿਯਮਾਂ ਮੁਤਾਬਕ ਇਸ ਗੋਲੀਬਾਰੀ ਦੀ ਜਾਂਚ ਹੁਣ ਆਜ਼ਾਦ ਤੌਰ 'ਤੇ ਕੀਤੀ ਜਾਵੇਗੀ। ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਅਫ਼ਵਾਹਾਂ ਤੋਂ ਬਚ ਕੇ ਰਹਿਣ ਅਤੇ ਜਾਂਚ ਵਿੱਚ ਸਹਿਯੋਗ ਕਰਨ।



**ਘਟਨਾ ਸਥਾਨ ਦੀਆਂ ਵੱਖ ਵੱਖ ਤਸਵੀਰਾਂ। ।ਤਸਵੀਰ:– ਸੁਖਜਿੰਦਰ ਸਿੰਘ ਢੱਡੇ**








# ਪੁਸਤਕਾਂ ਦੀ ਐਡਵਰਟਾਈਜ਼ਮੈਂਟ

## ਗਿਆਨ ਅਤੇ ਦਾਨ ਨਾਲ–ਨਾਲ






















**ਹਾਸ–ਵਿਅੰਗ ਲੇਖਕ ਭਗਵਾਨ ਸਿੰਘ ਤੱਗੜ ਦੀਆਂ ਪੁਸਤਕਾਂ ਖਰੀਦਨ ਲਈ ਈ–ਮੇਲ ਰਾਹੀਂ ਜਾਂ ਫੋਨ ਰਾਹੀਂ ਸੰਪਰਕ ਕਰੋ ਜੀ, ਪੰਜਾਬੀ ਅਤੇ ਹਿੰਦੀ ਪੁਸਤਕਾਂ ਦੀ ਕੀਮਤ £5 +ਡਾਕ ਖਰਚ ਅਤੇ ਇੰਗਲਿਸ਼ ਨਾਵਲ £7+ਡਾਕ ਖਰਚ। ਇਹ ਪੁਸਤਕਾਂ ਦਾ ਪੈਸਾ ਕੈਂਸਰ ਅਤੇ ਅੱਖਾਂ ਦੀ ਚੇਰੀਟੀ ਨੂੰ ਭੇਜਿਆ ਜਵੇਗਾ।**

| | | |
|---|---|---|
| ਭਿਖਾਰੀ ਯੂਨੀਅਨ | ਪੰਜਾਬੀ ਹਾਸ ਵਿਅੰਗ | £5 |
| ਮੂਰਖਾਂ ਦੀ ਮਹਿਫਿਲ | ਪੰਜਾਬੀ ਹਾਸ ਵਿਅੰਗ | £5 |
| ਇਕ ਗਧੇ ਨਾਲ ਮੁਲਾਕਾਤ | ਪੰਜਾਬੀ ਹਾਸ ਵਿਅੰਗ | £5 |
| ਜਵਾਲਾਮੁਖੀ | ਪੰਜਾਬੀ ਨਾਵਲ | £5 |
| ਫਲੈਟ ਤੋਂ ਫਲੈਟ ਤੱਕ | ਪੰਜਾਬੀ ਕਹਾਨੀ | £5 |
| ਗਾਇਕ ਬੇਸੁਰਾ ਜੀ ਸੇ ਸਾਕਸ਼ਾਤਕਾਰ | ਹਿੰਦੀ ਹਾਸ ਰਸ | £5 |
| ਅਖਿਲ ਭਾਰਤੀਅ ਖਿਚੜੀ ਸੱਮੇਲਨ | ਹਿੰਦੀ ਹਾਸ ਰਸ | £5 |
| ਵੋਲਕੈਨੋ | ਇੰਗਲਿਸ਼ ਸੋਸ਼ਲ ਨਾਵਲ | £7 |
| ਇਰੈਡੀਚੇਸ਼ਨ ਔਫ਼ ਈਵਲ ਨਾਵਲ | ਕਰਾਈਮ ਥਰਿਲਰ | £7 |

# ਮਗਨਰੇਗਾ ਕਾਨੂੰਨ ਖ਼ਤਮ ਕਰਨ ਵਿਰੁੱਧ ਨਰੇਗਾ ਮੁਲਾਜ਼ਮਾਂ ਨੇ ਜ਼ਿਲ੍ਹਾ ਪੱਧਰੀ ਧਰਨੇ ਦਿੱਤੇ

## ● ਕੇਂਦਰ ਸਰਕਾਰ ਨਵੀਂ ਸਕੀਮ ਵਾਪਿਸ ਲੈ ਕੇ ਪੁਰਾਣੇ ਕਾਨੂੰਨ ਰਾਹੀਂ ਮਜ਼ਦੂਰਾਂ ਦੀ ਗਾਰੰਟੀ ● 18-18 ਸਾਲਾਂ ਤੋਂ ਕੰਮ ਕਰਦੇ ਨਰੇਗਾ ਮੁਲਾਜ਼ਮਾਂ ਨੂੰ ਸੂਬਾ ਸਰਕਾਰ ਤੁਰੰਤ ਰੈਗੂਲਰ ਆਰਡਰ ਜਾਰੀ ਕਰੇ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਨਰੇਗਾ ਮੁਲਾਜ਼ਮ ਐਕਸ਼ਨ ਪੰਜਾਬ ਵੱਲੋ ਕੇਂਦਰ ਵਿੱਚ ਤੀਸਰੀ ਵਾਰ ਸੱਤਾ ਵਿੱਚ ਆਈ ਮੋਦੀ ਸਰਕਾਰ ਵੱਲੋਂ 20 ਸਾਲ ਪੁਰਾਣੇ ਕੌਮੀ ਦਿਹਾਤੀ ਰੁਜ਼ਗਾਰ ਗਰੰਟੀ ਕਾਨੂੰਨ-2005 ਦੀ ਥਾਂ ਹੁਣ ਵਿਕਸਤ ਭਾਰਤ ਗਰੰਟੀ ਫਾਰ ਰੁਜ਼ਗਾਰ ਐਂਡ ਆਜੀਵਿਕਾ ਮਿਸ਼ਨ (ਗ੍ਰਾਮੀਨ) ਲਿਆ ਕੇ ਨਰੇਗਾ ਵਿੱਚ ਵੱਡੇ ਬਦਲਾਅ ਕੀਤੇ ਹਨ। ਜਿੱਥੇ ਇਸ ਬਿੱਲ ਦੇ ਲਾਗੂ ਹੋਣ ਨਾਲ ਸੂਬਾ ਸਰਕਾਰਾਂ ਤੇ 40% ਹਿੱਸੇਦਾਰੀ ਦਾ ਵਾਧੂ ਬੋਝ ਪੈਣ ਕਾਰਨ ਬਵਾਲ ਮੱਚ ਗਿਆ ਹੈ ਉੱਥੇ 16-17 ਸਾਲਾਂ ਤੋਂ ਨਰੇਗਾ ਸਕੀਮ ਨੂੰ ਜਮੀਨੀਂ ਪੱਧਰ ਤੱਕ ਲਾਗੂ ਕਰਨ ਵਾਲੇ ਪੰਜਾਬ ਦੇ ਲਗਭਗ 2100 ਨਰੇਗਾ ਮੁਲਾਜ਼ਮਾਂ ਦਾ ਭਵਿੱਖ ਖ਼ਤਮ ਹੋਣ ਦੇ ਕਿਨਾਰੇ ਹੈ। ਆਪਣੀ ਨੌਕਰੀ ਨੂੰ ਪੱਕੀ ਕਰਵਾਉਣ ਲਈ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਨਰੇਗਾ ਮੁਲਾਜ਼ਮਾਂ ਨੂੰ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਹਰ ਵਾਰ ਝੂਠੇ ਲਾਰੇ ਲਗਾਏ ਜਾਂਦੇ ਰਹੇ ਹਨ। ਪਿਛਲੇ ਪੰਦਰਾਂ ਸਾਲਾਂ ਦੌਰਾਨ ਪਿੰਡਾਂ ਦੇ ਲਗਭਗ 80% ਵਿਕਾਸ ਕਾਰਜ ਨਰੇਗਾ ਮੁਲਾਜ਼ਮਾਂ ਵੱਲੋਂ ਕਰਵਾਏ ਗਏ ਹਨ। ਪਿੰਡਾਂ ਦੇ ਗੰਦੇ ਛੱਪੜਾਂ ਦਾ ਨਵੀਨੀਕਰਨ, ਥਾਪਰ ਮਾਡਲ, ਸੀਚੇਵਾਲ ਮਾਡਲ, ਗ਼ਲੀਆਂ ਨਾਲੀਆਂ ਇੰਟਰਲਾਕ ਟਾਇਲ,ਖੇਡ ਸਟੇਡੀਅਮ, ਪਾਰਕ, ਸਕੂਲਾਂ ਦੀ ਚਾਰਦੀਵਾਰੀ, ਆਂਗਣਵਾੜੀ ਸੈਂਟਰ, ਨਰੇਗਾ ਭਵਨ, ਰੀਚਾਰਜ਼ ਤੇ ਸੋਕੇਜ ਪਿੱਟ, ਕੈਟਲ ਸ਼ੈੱਡ, ਪੱਕੇ ਖਾਲ, ਮਿੱਡ ਡੇ ਮੀਲ ਕਿਚਨ ਸ਼ੈੱਡ, ਬਾਇਓ ਗੈਸ ਪਲਾਂਟ, ਪੌਂਡ੍ਹੂ ਨਰਸਰੀਆਂ, ਟੁਆਇਲਿਟ ਬਲਾਕ, ਢਾਣੀਆਂ ਦੇ ਰਸਤਿਆਂ ਤੇ ਖੜਵੰਜਾ, ਲਾਇਬ੍ਰੇਰੀਆਂ, ਮੀਆਂ ਵਾਕੀ ਜੰਗਲ, ਮਿੰਨੀ ਜੰਗਲ, ਗੁਰੂ ਨਾਨਕ ਬਗੀਚੀ ਵਰਗੇ ਅਨੇਕਾਂ ਵਿਕਾਸ ਕਾਰਜ ਪਿੰਡਾਂ ਦੀ ਸ਼ਾਨ ਬਣੇ ਹਨ। ਵੋਟਾਂ ਬਣਾਉਣ ਤੋਂ ਲੈ ਕੇ ਪਵਾਉਣ ਅਤੇ ਗਿਣਤੀ ਤੱਕ, ਆਟਾ-ਦਾਲ ਸਕੀਮ ਦੇ ਸਰਵੇ ਵਿੱਚ, ਕਰੋਨਾ ਕਾਲ ਦੌਰਾਨ ਐਮਰਜੈਂਸੀ ਡਿਊਟੀਆਂ, ਪਰਾਲ਼ੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਡਿਊਟੀਆਂ, ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਘਰ ਬਣਾਉਣ, ਮੇਲਿਆਂ ਵਿੱਚ ਡਿਊਟੀਆਂ ਵਰਗੇ ਨਰੇਗਾ ਤੋਂ ਇਲਾਵਾ ਵਾਧੂ ਕੰਮਾਂ ਵਿੱਚ ਵੀ ਨਰੇਗਾ ਮੁਲਾਜ਼ਮ ਡਿਊਟੀਆਂ ਕਰਦੇ ਰਹੇ ਹਨ। ਹਾਲਾਂਕਿ ਪਿਛਲੀਆਂ ਸਰਕਾਰਾਂ ਅਤੇ ਮੌਜਦਾ ਆਪ ਸਰਕਾਰ ਵੱਲੋਂ ਕੇਂਦਰੀ ਸਕੀਮਾਂ ਦੇ ਮੁਲਾਜ਼ਮਾਂ



ਸਰਵ ਸਿੱਖਿਆ ਅਭਿਆਨ ਤੇ ਰਮਸਾ ਅਧਿਆਪਕ, ਮੈਰੀਟੋਰੀਅਸ ਸਕੂਲ ਅਧਿਆਪਕ, ਕੌਮੀ ਸਿਹਤ ਮਿਸ਼ਨ ਦੇ ਮੁਲਾਜ਼ਮ, ਮੌਜੂਦਾ ਸਰਕਾਰ ਵੱਲੋਂ ਸਰਵ ਸਿੱਖਿਆ ਅਭਿਆਨ ਤੇ ਰਮਸਾ ਦੇ ਦਫ਼ਤਰੀ ਕਰਮਚਾਰੀ, ਰੂਰਲ ਫਾਰਮਾਸਿਸਟ,ਏ.ਆਈ,ਐੱਸਟ ਿਆਰ,ਈਜੀਐੱਸ ਵਲੰਟੀਅਰ, ਜੰਗਲਾਤ ਵਿਭਾਗ ਦੇ ਮੁਲਾਜ਼ਮ ਅਤੇ ਹੋਰਨਾਂ ਸਕੀਮਾਂ ਦੇ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾ ਚੁੱਕਾ ਹੈ। ਪ੍ਰੰਤੂ ਜਦੋਂ ਨਰੇਗਾ ਮੁਲਾਜ਼ਮ ਆਪਣੇ ਰੁਜ਼ਗਾਰ ਨੂੰ ਪੱਕਾ ਕਰਨ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਨੂੰ ਕੇਂਦਰ ਦੀ ਸਕੀਮ ਦੇ ਮੁਲਾਜ਼ਮ ਆਖ ਕੇ ਅਜੇ ਤੱਕ ਵੀ ਪੱਕਾ ਨਹੀਂ ਕੀਤਾ ਗਿਆ। ਰੁਜ਼ਗਾਰ ਸੰਬੰਧੀ ਨਵਾਂ ਬਿੱਲ ਪਾਸ ਹੋਣ ਨਾਲ ਬਹੁਤ ਥੋੜ੍ਹੀਆਂ ਉਜ਼ਰਤਾਂ ਨਾਲ ਆਪਣਾ ਜੀਵਨ ਬਸਰ ਕਰ ਰਹੇ ਨਰੇਗਾ ਮੁਲਾਜ਼ਮਾਂ ਵਿੱਚ ਨਿਰਾਸ਼ਾ ਤੇ ਬੇਚੈਨੀ ਦਾ ਮਾਹੌਲ਼ ਬਣ ਗਿਆ ਹੈ ਕਿਉਂਕਿ ਜਿੱਥੇ ਮਜ਼ਦੂਰਾਂ ਨੂੰ ਰੁਜ਼ਗਾਰ ਦੀ ਗਾਰੰਟੀ ਦਿੱਤੀ ਗਈ ਉੱਥੇ ਮਜ਼ਦੂਰਾਂ ਨੂੰ ਕੰਮ ਮੁੱਹਈਆ ਕਰਵਾਉਣ ਵਾਲੇ ਮੁਲਾਜ਼ਮਾਂ ਨੂੰ ਰੁਜ਼ਗਾਰ ਦੀ ਕੋਈ ਗਾਰੰਟੀ ਨਹੀਂ ਦਿੱਤੀ ਗਈ। ਸਮੇਂ-ਸਮੇਂ ਤੇ ਪੰਜਾਬ ਸਰਕਾਰ ਵੱਲੋਂ ਕੇਂਦਰੀ ਸਕੀਮਾਂ ਦੇ ਪੱਕੇ ਕੀਤੇ ਮੁਲਾਜ਼ਮਾਂ ਸੰਬੰਧੀ ਨਰੇਗਾ ਮੁਲਾਜ਼ਮਾਂ ਨੂੰ ਤਰਕ ਦਿੱਤਾ ਜਾਂਦਾ ਰਿਹਾ ਹੈ ਕਿ ਇਨ੍ਹਾਂ ਸਕੀਮਾਂ ਵਿੱਚ ਸੂਬਾ ਸਰਕਾਰ ਦਾ 40% ਹਿੱਸਾ ਪੈਂਦਾ ਹੈ ਜਦੋਂ ਕਿ ਨਰੇਗਾ ਵਿੱਚ 10% ਹਿੱਸੇਦਾਰੀ ਹੈ ਪ੍ਰੰਤੂ ਹੁਣ ਨਵੇਂ ਬਿੱਲ ਜੀ ਰਾਮ ਜੀ ਰਾਹੀਂ ਸੂਬਾ ਸਰਕਾਰ ਦਾ ਫੈਲਾਇਆ ਇਹ ਭਰਮ ਵੀ ਦੂਰ ਹੋ ਚੁੱਕਾ ਹੈ। ਐਕਸ਼ਨ ਕਮੇਟੀ ਨੇ ਅੱਗੇ ਕਿਹਾ ਕਿ ਮਾਨ ਸਰਕਾਰ ਵੱਲੋਂ ਨਵੇਂ ਬਿੱਲ ਦੇ ਵਿਰੋਧ ਵਿੱਚ 30 ਦਸੰਬਰ ਨੂੰ ਵਿਧਾਨ ਸਭਾ ਦਾ ਸਪੈਸ਼ਲ ਇਜਲਾਸ ਬੁਲਾ ਲਿਆ ਗਿਆ ਹੈ ਪਰ ਆਪ ਸਰਕਾਰ ਨੂੰ ਸੱਤਾ ਵਿੱਚ ਲਿਆਉਣ ਲਈ ਵੱਡਾ ਯੋਗਦਾਨ ਪਾਉਣ ਵਾਲੇ ਮੁਲਾਜ਼ਮਾਂ ਬਾਰੇ ਸੂਬਾ ਸਰਕਾਰ ਇੱਕ ਸ਼ਬਦ ਵੀ ਨਹੀਂ ਬੋਲ ਰਹੀ। ਆਮ ਆਦਮੀ ਪਾਰਟੀ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਨਰੇਗਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਵਾਅਦਾ ਕੀਤਾ ਸੀ। ਪਿਛਲੇ ਚਾਰ ਸਾਲਾਂ ਤੋਂ ਨਰੇਗਾ ਮੁਲਾਜ਼ਮ ਸਰਕਾਰ ਦੇ ਵੱਖ-ਵੱਖ ਨੁਮਾਇੰਦਿਆਂ ਨੂੰ ਮਿਲ ਕੇ ਆਪਣੀ ਮੰਗ ਵੱਲ ਧਿਆਨ ਦੇਣ ਦੀ ਬੇਨਤੀ ਕਰਦੇ ਆ ਰਹੇ ਹਨ। ਮਾਨ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਲਿਆਂਦੀ ਪਾਲਿਸੀ ਤਹਿਤ ਨਰੇਗਾ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਪ੍ਰਕਿਰਿਆ ਵੀ ਵਿੱਚ ਵਿਚਾਲੇ ਹੀ ਲਟਕ ਗਈ। ਅੱਜ ਨਰੇਗਾ ਮੁਲਾਜ਼ਮਾਂ ਨੂੰ ਕਈ-ਕਈ ਮਹੀਨੇ ਦਿੱਤੀ ਜਾਣ ਵਾਲੀ ਨਿਗੂਣੀ ਤਨਖ਼ਾਹ ਵੀ ਨਹੀਂ ਮਿਲਦੀ।ਅੱਜ ਵੀ ਤਿੰਨ ਮਹੀਨੇ ਦੀ ਤਨਖ਼ਾਹ ਬਕਾਇਆ ਖੜ੍ਹੀ ਹੈ। ਆਪਣੀ ਜ਼ਿੰਦਗੀ ਦਾ ਸਭ ਤੋਂ ਕੀਮਤੀ ਸਮਾਂ ਨਰੇਗਾ ਲੇਖੇ ਲਾ ਚੁੱਕੇ ਮੁਲਾਜ਼ਮਾਂ ਨੂੰ ਹੁਣ ਕੋਈ ਵੀ ਰਾਹ ਨਹੀਂ ਦਿਸ ਰਿਹਾ। ਉਨ੍ਹਾਂ ਕਿਹਾ ਕਿ ਰੁਜ਼ਗਾਰ ਜਾਣ ਨਾਲ ਉਨ੍ਹਾਂ ਦਾ ਸਮਾਜਿਕ ਰੁਤਬਾ ਤਹਿਸ-ਨਹਿਸ ਹੋ ਚੁੱਕਾ ਹੈ। ਨਰੇਗਾ ਮੁਲਾਜ਼ਮ ਸੂਬਾ ਅਤੇ ਕੇਂਦਰ ਸਰਕਾਰ ਦੇ ਦੋ ਪੁੜਾਂ ਅੰਦਰ ਬੁਰੀ ਤਰ੍ਹਾਂ ਪਿਸ ਰਹੇ ਹਨ। ਉਹ ਚੁੱਪ-ਚਾਪ ਘਰ ਨਹੀਂ ਚਲੇ ਜਾਣਗੇ। ਆਗੂਆਂ ਨੇ ਕਿਹਾ ਕਿ ਨਰੇਗਾ ਮੁਲਾਜ਼ਮ ਆਪਣੇ ਰੁਜ਼ਗਾਰ ਨੂੰ ਬਚਾਉਣ ਲਈ ਇਜਲਾਸ ਤੋਂ ਪਹਿਲਾਂ 29 ਦਸੰਬਰ ਨੂੰ ਪੰਜਾਬ ਦੇ 12587 ਪਿੰਡਾਂ ਦੇ ਲੱਖਾਂ ਨਰੇਗਾ ਮਜ਼ਦੂਰਾਂ ਨੂੰ ਨਾਲ ਲੈਕੇ ਜਿਲ੍ਹਾ ਪੱਧਰ ਤੇ ਕੇਂਦਰ ਦੀ ਭਾਜਪਾ ਸਰਕਾਰ ਦੇ ਖਿਲਾਫ਼ ਵੱਡੇ ਅੰਦੋਲਨ ਵਿੱਢਣਗੇ! ਆਗੂਆਂ ਨੇ ਅੱਗੇ ਮੰਗ ਰੱਖੀ ਕਿ ਸੂਬਾ ਸਰਕਾਰ ਨੂੰ ਨਰੇਗਾ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਬਿੱਲ ਸਪੈਸ਼ਲ ਇਜਲਾਸ ਵਿੱਚ ਲੈ ਕੇ ਆਉਣਾ ਚਾਹੀਦਾ ਹੈ ਕਿਉ ਕਿ ਨਰੇਗਾ ਮੁਲਾਜ਼ਮਾਂ ਨੇ 18 ਸਾਲ ਤੋ ਪਿੰਡਾਂ ਦਾ ਵਿਕਾਸ ਕਰਵਾਇਆ ਹੈ ਡਿਪਟੀ ਕਮਿਸ਼ਨਰ ਦਫਤਰਾਂ ਵਿੱਚ ਮਗਨਰੇਗਾ ਐਕਸ਼ਨ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਨਰੇਗਾ ਮੁਲਾਜ਼ਮ ਐਕਸ਼ਨ ਕਮੇਟੀ ਦੇ ਬੈਨਰ ਹੇਠ ਵੱਡਾ ਇਕੱਠ ਕਰਕੇ ਡੀ. ਸੀ ਦੱਫਤਰ ਦਾ ਘਿਰਾਓ ਕੀਤਾ ਗਿਆ ਅਤੇ ਕੇਂਦਰ ਸਰਕਾਰ ਖਿਲਾਫ਼ ਪ੍ਰਦਰਸ਼ਨ ਕੀਤਾ ਜਾਵੇਗਾ. ਇਸ ਮੌਕੇ ਤੇ.ਜ਼ਿਲਾ ਪ੍ਰਧਾਨ ਸਰਬਜੀਤ ਸਿੰਘ ਓਪੋ ਬਹਾਦੁਰ ਰਾਮ ਮਨਜੀਤ ਕੌਰ ਮਨਪ੍ਰੀਤ ਸਿੰਘ ਨਰੇਸ਼ ਕੁਮਾਰ ਸੁਨੀਤਾ ਰਾਣੀ ਅਰਵਿੰਦ ਕੁਮਾਰ ਓਂਕਾਰ ਸਿੰਘ ਹਰਜਿੰਦਰ ਕੁਮਾਰ ਵਿਜੈ ਕੁਮਾਰ ਗੁਰਦੀਪ ਸਿੰਘ ਜਿੰਦਰ ਕੁਮਾਰ ਆਦਿ ਹਾਜ਼ਰ ਸਨ ਬਣਾਵੇ।

# ਜਦੋਂ ਜਹਾਜ ਹਵਾ 'ਚ ਡਗਮਗਾਇਆ, ਯਾਤਰੂਆਂ ਦੀ ਮੱਚੀ ਹਫੜਾਦਫੜੀ, ਹੰਗਾਮੀ ਹਾਲਤ ਚ ਜਹਾਜ਼ ਨੇੜਲੇ ਹਵਾਈ ਅੱਡੇ ਤੇ ਉਤਾਰਿਆ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਬਰਤਾਨੀਆ ਤੋਂ ਰਵਾਨਾ ਹੋਏ ਰਾਇਨਏਅਰ ਦੇ ਇਕ ਯਾਤਰੀ ਜਹਾਜ਼ ਵਿੱਚ ਮੱਧ ਆਕਾਸ਼ ਅਚਾਨਕ ਆਏ ਭਿਆਨਕ ਹਵਾ ਦੇ ਝਟਕਿਆਂ ਨੇ ਭਾਰੀ ਦਹਿਸ਼ਤ ਪੈਦਾ ਕਰ ਦਿੱਤੀ। ਹਵਾ ਦੀ ਤੀਬਰਤਾ ਇੰਨੀ ਜ਼ਿਆਦਾ ਸੀ ਕਿ ਜਹਾਜ਼ ਇਕਦਮ ਹੇਠਾਂ ਵੱਲ ਝਟਕਾ ਖਾ ਗਿਆ। ਇਸ ਕਾਰਨ ਅੰਦਰ ਬੈਠੇ ਕਈ ਯਾਤਰੀ ਆਪਣੀਆਂ ਸੀਟਾਂ ਤੋਂ ਉਛਲ ਗਏ ਅਤੇ ਕੁਝ ਲੋਕਾਂ ਨੂੰ ਸਰੀਰਕ ਚੋਟਾਂ ਵੀ ਆਈਆਂ। ਜਹਾਜ਼ ਵਿੱਚ ਸਵਾਰ ਇਕ ਮਹਿਲਾ ਯਾਤਰੀ ਨੇ ਦੱਸਿਆ ਕਿ ਇਹ ਪਲ ਬੇਹੱਦ ਡਰਾਉਣੇ ਸਨ। ਉਸਨੇ ਕਿਹਾ ਕਿ ਕੁਝ ਸਮੇਂ ਲਈ ਇਹ ਮਹਿਸੂਸ ਹੋਇਆ ਜਿਵੇਂ ਜਹਾਜ਼ ਪੂਰੀ ਤਰ੍ਹਾਂ ਕਾਬੂ ਤੋਂ ਬਾਹਰ ਹੋ ਗਿਆ ਹੋਵੇ। ਹਵਾ ਦੇ ਝਟਕਿਆਂ ਨਾਲ ਜਹਾਜ਼ ਡੋਲਣ ਲੱਗ ਪਿਆ, ਜਿਸ ਨਾਲ ਅੰਦਰ ਚੀਕ-ਪੁਕਾਰ ਮਚ ਗਈ ਅਤੇ ਅਫ਼ਰਾਤਫ਼ਰੀ ਦਾ ਮਾਹੌਲ ਬਣ ਗਿਆ। ਕਈ ਯਾਤਰੀ ਡਰ ਦੇ ਮਾਰੇ ਦੁਆਵਾਂ ਕਰਨ ਲੱਗ ਪਏ। ਜਾਣਕਾਰੀ ਮੁਤਾਬਕ ਜਦੋਂ ਜਹਾਜ਼ ਉੱਚਾਈ 'ਤੇ ਉਡ ਰਿਹਾ ਸੀ, ਉਸ ਵੇਲੇ ਮੌਸਮ ਵਿੱਚ ਅਚਾਨਕ ਬਦਲਾਅ ਆ ਗਿਆ। ਤੇਜ਼ ਹਵਾ ਦੇ ਝਟਕਿਆਂ ਨੇ ਜਹਾਜ਼ ਦਾ ਸੰਤੁਲਨ ਵਿਗਾੜ ਦਿੱਤਾ। ਹਾਲਾਤ ਦੀ ਨਜ਼ਾਕਤ ਨੂੰ ਸਮਝਦਿਆਂ ਜਹਾਜ਼ ਦੇ ਚਾਲਕਾਂ ਵੱਲੋਂ ਯਾਤਰੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਡਾਣ ਅੱਗੇ ਜਾਰੀ ਰੱਖਣ ਦੀ ਥਾਂ ਜਹਾਜ਼ ਨੂੰ ਵਾਪਸ ਮੋੜਨ ਦਾ ਫ਼ੈਸਲਾ ਕੀਤਾ ਗਿਆ। ਕੁਝ ਸਮੇਂ ਬਾਅਦ ਜਹਾਜ਼ ਨੂੰ ਨਜ਼ਦੀਕੀ ਹਵਾਈ ਅੱਡੇ 'ਤੇ ਸੁਰੱਖਿਅਤ ਤਰੀਕੇ ਨਾਲ ਉਤਾਰ ਲਿਆ ਗਿਆ। ਜਹਾਜ਼ ਦੇ ਉਤਰਦੇ ਹੀ ਬਚਾਅ ਅਤੇ ਸਿਹਤ ਸੇਵਾਵਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ। ਜ਼ਖ਼ਮੀ ਯਾਤਰੀਆਂ ਨੂੰ ਮੌਕੇ 'ਤੇ ਹੀ ਡਾਕਟਰੀ ਸਹਾਇਤਾ ਦਿੱਤੀ ਗਈ, ਜਦਕਿ ਕੁਝ ਨੂੰ ਅੱਗੇ ਦੀ ਜਾਂਚ ਲਈ ਹਸਪਤਾਲ ਭੇਜਿਆ ਗਿਆ। ਹੋਰ ਯਾਤਰੀਆਂ ਨੂੰ ਸੁਰੱਖਿਅਤ ਢੰਗ ਨਾਲ ਜਹਾਜ਼ ਤੋਂ ਬਾਹਰ ਕੱਢ ਕੇ ਹਵਾਈ ਅੱਡੇ ਦੇ ਅੰਦਰ ਲਿਜਾਇਆ ਗਿਆ। ਕਈ ਯਾਤਰੀਆਂ ਨੇ ਕਿਹਾ ਕਿ ਜਹਾਜ਼ ਦੇ ਚਾਲਕਾਂ ਅਤੇ ਕਰਮਚਾਰੀਆਂ ਦੀ ਸੂਝਬੂਝ ਅਤੇ ਸਾਵਧਾਨੀ ਕਾਰਨ ਵੱਡਾ ਹਾਦਸਾ ਹੋਣ ਤੋਂ ਬਚ ਗਿਆ। ਹਵਾਈ ਕੰਪਨੀ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਕਿਹਾ ਗਿਆ ਕਿ ਇਹ ਘਟਨਾ ਅਚਾਨਕ ਬਦਲੇ ਮੌਸਮੀ ਹਾਲਾਤਾਂ ਕਾਰਨ ਵਾਪਰੀ ਹੈ ਅਤੇ ਯਾਤਰੀਆਂ ਦੀ ਸੁਰੱਖਿਆ ਨੂੰ ਸਦਾ ਪਹਿਲ ਦਿੱਤੀ ਜਾਂਦੀ ਹੈ। ਘਟਨਾ ਸਬੰਧੀ ਪੂਰੀ ਜਾਂਚ ਕੀਤੀ ਜਾ ਰਹੀ ਹੈ।




ਹਵਾ ਦੇ ਭਿਆਨਕ ਝਟਕਿਆਂ ਮਗਰੋਂ ਰਾਇਨਏਅਰ ਦਾ ਜਹਾਜ਼ ਨਜ਼ਦੀਕੀ ਹਵਾਈ ਅੱਡੇ 'ਤੇ ਸੁਰੱਖਿਅਤ ਤੌਰ 'ਤੇ ਉਤਰਦਾ ਹੋਇਆ ਦਿੱਖ।
ਤਸਵੀਰ:- ਸੁਖਜਿੰਦਰ ਸਿੰਘ ਢੱਡੇ

# ਟੋਪਾਨ ਕੰਪਨੀ ਵਲੋਂ ਪਿੰਡ ਰੈਲਮਾਜਰਾ ਦੇ ਸ਼ਮਸ਼ਾਨਘਾਟ ਦਾ ਸੁੰਦਰੀਕਰਨ ਕਰਵਾਇਆ

**ਨਵਾਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )**–ਸਨਅਤੀ ਖੇਤਰ ਦੇ ਪਿੰਡ ਰੈਲਮਾਜਰਾ ਵਿਚ ਸਥਿਤ ਟੋਪਾਨ ਸਪੈਸ਼ਲਿਟੀ ਫਿਲਮਜ਼ ਲਿਮਿਟਿਡ ਕੰਪਨੀ ਨੇ ਪਿੰਡ ਰੈਲਮਾਜਰਾ ਦੇ ਖ਼ਸਤਾਹਾਲ ਸ਼ਮਸ਼ਾਨਘਾਟ ਨੂੰ ਸੁੰਦਰ ਤਰੀਕੇ ਨਾਲ ਤਿਆਰ ਕਰਕੇ ਪਿੰਡ ਦੇ ਲੋਕਾਂ ਅਰਪਣ ਕੀਤਾ । ਕੰਪਨੀ ਦੇ ਐਚ ਆਰ ਮੈਨੇਜਰ ਅੰਕੁਸ਼ ਭਾਰਦਵਾਜ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਦੱਸਿਆਂ ਕਿ ਸੀ ਐਸ ਆਰ ਪ੍ਰੋਗਰਾਮ ਅਧੀਨ ਪਿੰਡ ਦੀਆਂ ਪੰਚਾਇਤਾਂ ਵਲੋਂ







ਦੱਸਣ ਅਨੁਸਾਰ ਇਹ ਸ਼ਮਸ਼ਾਨਘਾਟ ਦਾ ਕੰਮ ਕਰਵਾਇਆ ਗਿਆ । ਕਿਹਾ ਕਿ ਕੰਪਨੀ ਪਿੰਡ ਦੀ ਹੈ ਅਤੇ ਪਿੰਡ ਸਾਡਾ ਹੈ । ਪਹਿਲਾਂ ਉਨ੍ਹਾਂ ਵੀ ਪਿੰਡਾਂ ਵਿਚ ਵੀ ਕਾਫੀ ਵਿਕਾਸ ਦੇ ਕੰਮ ਕਰਵਾਏ ਹਨ ।ਉਨ੍ਹਾਂ ਨੇ ਕਿਹਾ ਅੱਗੇ ਤੋਂ ਵੀ ਇਸੇ ਤਰ੍ਹਾਂ ਕੰਮ ਕਰਵਾਏ ਜਾਂਦੇ ਰਹਿਣਗੇ । ਉਨ੍ਹਾਂ ਕਿਹਾ ਕਿ ਪਿੰਡ ਦੇ ਅਤੇ ਇਲਾਕੇ ਦੇ ਨੌਜਵਾਨ ਲਈ ਰੁਜ਼ਗਾਰ ਦੇ ਦਰਵਾਜੇ ਹਮੇਸ਼ਾ ਖੁੱਲੇ ਹਨ । ਇਸ ਮੌਕੇ ਤੇ ਓਪਰੇਸ਼ਨ ਹੈਂਡ ਹਰਦੀਪ ਨਰੂਲਾ , ਐਚ ਆਰ ਹੈਂਡ ਸਤੀਸ਼ ਡਾਂਗੀ, ਵਿਪਨ ਕੁਮਾਰ, ਰਜੇਸ਼ ਪ੍ਰਭਾਕਰ, ਪ੍ਰਦੀਪ ਕੁਮਾਰ, ਸਰਪੰਚ ਸਿੰਕਦਰ ਸਿੰਘ ਲਾਂਦੀ ਰੈਲਮਾਜਰਾ , ਸਰਪੰਚ ਸੁਰਿੰਦਰ ਸ਼ਰਮਾ, ਸਰਪੰਚ ਅਨੀਤਾ, ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ , ਸਮਾਜਸੇਵੀ ਸੱਤਪਾਲ ਸੰਧੂ , ਪੰਚ ਦਲੀਪ ਘਈ, ਪੰਚ ਬਹਾਦਰ ਖਾਨ, ਪੰਚ ਨੇਤਰ ਕੁਮਾਰ, ਕਸ਼ਮੀਰ ਸਿੰਘ ਬਾਜਵਾ, ਪੰਚ ਲਖਵੀਰ ਸਿੰਘ, ਪੰਚ ਰਮੇਸ਼ ਕੁਮਾਰ ਅਤੇ ਪਿੰਡ ਵਾਸੀ ਮੌਜੂਦ ਸਨ ।

# ਲੈਸਟਰ 'ਚ ਘਰ ਨੂੰ ਲੱਗੀ ਭਿਆਨਕ ਅੱਗ, ਨੰਨੀ ਬੱਚੀ ਦੀ ਮੌਤ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)**– ਇੰਗਲੈਡ ਦੇ ਸ਼ਹਿਰ ਲੈਸਟਰ ਦੇ ਇੱਕ ਸ਼ਾਂਤ ਰਿਹਾਇਸ਼ੀ ਇਲਾਕੇ ਵਿੱਚ ਅਚਾਨਕ ਵਾਪਰੀ ਭਿਆਨਕ ਅੱਗ ਦੀ ਘਟਨਾ ਨੇ ਪੂਰੇ ਸ਼ਹਿਰ ਨੂੰ ਸੋਗ ਵਿੱਚ ਡੁਬੋ ਦਿੱਤਾ। ਇਕ ਘਰ ਵਿੱਚ ਲੱਗੀ ਅੱਗ ਕਾਰਨ ਇੱਕ ਨੰਨੀ ਬੱਚੀ ਦੀ ਦਰਦਨਾਕ ਮੌਤ ਹੋ ਗਈ, ਜਦਕਿ ਦੂਜੇ ਬੱਚੇ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਅੱਗ ਦੀਆਂ ਲਪਟਾਂ ਅਤੇ ਕਾਲੇ ਧੂੰਏਂ ਨੇ ਪਲਾਂ ਵਿੱਚ ਹੀ ਪੂਰੇ ਇਲਾਕੇ ਨੂੰ ਦਹਿਸ਼ਤ ਵਿੱਚ ਪਾ ਦਿੱਤਾ। ਮਿਲੀ ਜਾਣਕਾਰੀ ਮੁਤਾਬਕ ਸ਼ਾਮ ਦੇ ਸਮੇਂ ਅਚਾਨਕ ਘਰ ਵਿੱਚ ਅੱਗ ਭੜਕ ਉੱਠੀ। ਕੁਝ ਹੀ ਸਮੇਂ ਵਿੱਚ ਅੱਗ ਨੇ ਪੂਰੇ ਘਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਅੱਗ ਦੀ ਤੀਬਰਤਾ ਦੇਖ ਕੇ ਨੇੜਲੇ ਘਰਾਂ ਦੇ ਵਸਨੀਕ ਘਰਾਂ ਤੋਂ ਬਾਹਰ ਨਿਕਲ





ਲੈਸਟਰ ਦੇ ਰਿਹਾਇਸ਼ੀ ਇਲਾਕੇ ਵਿੱਚ ਲੱਗੀ ਭਿਆਨਕ ਅੱਗ ਦੌਰਾਨ ਪੂਰੀ ਤਰ੍ਹਾਂ ਸੜ ਕੇ ਸੁਆਹ ਹੋਇਆ ਘਰ।ਤਸਵੀਰ:– ਸੁਖਜਿੰਦਰ ਸਿੰਘ ਢੱਡੇ

ਆਏ। ਲੋਕਾਂ ਨੇ ਤੁਰੰਤ ਫਾਇਰ ਬ੍ਰਿਗੇਡ ਅਤੇ ਐਮਰਜੈਂਸੀ ਸੇਵਾਵਾਂ ਨੂੰ ਸੂਚਿਤ ਕੀਤਾ। ਫਾਇਰ ਬ੍ਰਿਗੇਡ ਦੇ ਪਹੁੰਚਣ ਤੋਂ ਪਹਿਲਾਂ ਹੀ ਇਨਸਾਨੀਅਤ ਦੀ ਮਿਸਾਲ ਕਾਇਮ ਕਰਦਿਆਂ ਕੁਝ ਸਥਾਨਕ ਨਿਵਾਸੀਆਂ ਨੇ ਅੱਗ ਵਿੱਚ ਘਿਰੇ ਘਰ ਅੰਦਰ ਦਾਖਲ ਹੋ ਕੇ ਬੱਚਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਪਰ ਘਣੇ ਧੂੰਏਂ ਅਤੇ ਭਿਆਨਕ ਲਪਟਾਂ ਕਾਰਨ ਉਹ ਅੰਦਰ ਨਹੀਂ ਜਾ ਸਕੇ। ਲੋਕਾਂ ਦਾ ਕਹਿਣਾ ਹੈ ਕਿ ਅੱਗ ਇੰਨੀ ਤੇਜ਼ ਸੀ ਕਿ ਸਾਹ ਲੈਣਾ ਵੀ ਮੁਸ਼ਕਲ ਹੋ ਗਿਆ ਸੀ। ਸੂਚਨਾ ਮਿਲਦੇ ਹੀ ਮੌਕੇ 'ਤੇ ਫਾਇਰ ਬ੍ਰਿਗੇਡ ਦੀਆਂ ਕਈ ਗੱਡੀਆਂ, ਐਂਬੂਲੈਂਸਾਂ ਅਤੇ ਪੁਲਿਸ ਟੀਮਾਂ ਪਹੁੰਚ ਗਈਆਂ। ਫਾਇਰ ਫਾਇਟਰਾਂ ਨੇ ਘੰਟਿਆਂ ਦੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਵਿਸ਼ੇਸ਼ ਸਾਜ਼ੋ-ਸਮਾਨ ਅਤੇ ਲੰਬੀਆਂ ਸੀੜੀਆਂ ਦੀ ਮਦਦ ਨਾਲ ਘਰ ਦੇ ਅੰਦਰ ਫਸੇ ਬੱਚਿਆਂ ਨੂੰ ਬਾਹਰ ਕੱਢਿਆ ਗਿਆ। ਇੱਕ ਬੱਚੀ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ, ਜਦਕਿ ਦੂਜੇ ਬੱਚੇ ਨੂੰ ਤੁਰੰਤ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਘਟਨਾ ਤੋਂ ਬਾਅਦ ਪੁਲਿਸ ਵੱਲੋਂ ਇਲਾਕੇ ਨੂੰ ਘੇਰਾਬੰਦੀ ਕਰਕੇ ਸੀਲ ਕਰ ਦਿੱਤਾ ਗਿਆ। ਫਾਇਰ ਸਰਵਿਸ ਅਤੇ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਅੱਗ ਲੱਗਣ ਦੇ ਅਸਲ ਕਾਰਨਾਂ ਬਾਰੇ ਅਜੇ ਤੱਕ ਕੋਈ ਪੁਸ਼ਟੀ ਨਹੀਂ ਹੋ ਸਕੀ, ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਹਰ ਪੱਖੋਂ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ।ਇਸ ਦਰਦਨਾਕ ਹਾਦਸੇ ਕਾਰਨ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਨੇੜਲੇ ਵਸਨੀਕਾਂ ਨੇ ਦੱਸਿਆ ਕਿ ਉਹਨਾਂ ਨੇ ਕਦੇ ਵੀ ਇੰਨੀ ਭਿਆਨਕ ਅੱਗ ਨਹੀਂ ਦੇਖੀ। ਮਾਸੂਮ ਬੱਚੀ ਦੀ ਮੌਤ ਨੇ ਹਰ ਦਿਲ ਨੂੰ ਝੰਝੋੜ ਕੇ ਰੱਖ ਦਿੱਤਾ ਹੈ। ਲੋਕਾਂ ਵੱਲੋਂ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਜਾ ਰਹੀ ਹੈ। ਅਧਿਕਾਰੀਆਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਅੱਗ ਤੋਂ ਬਚਾਅ ਸਬੰਧੀ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਅਤੇ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਤੁਰੰਤ ਸਬੰਧਤ ਵਿਭਾਗਾਂ ਨਾਲ ਸੰਪਰਕ ਕਰਨ।

# ਕਮਲਜੀਤ ਕੌਰ ਨੇ ਐੱਸ.ਬੀ.ਕੇ.ਐੱਫ਼. ਨੈਸ਼ਨਲ ਖੇਡਾਂ, ਦਿੱਲੀ ਵਿਖੇ ਮਾਰੀ ਗੋਲਡ ਮੈਡਲਾਂ ਦੀ ਹੈਟ੍ਰਿਕ

**ਜਲੰਧਰ, (ਪੱਤਰ ਪ੍ਰੇਰਕ):** ਨਵੀਂ ਦਿੱਲੀ ਦੇ ਸੰਸਾਰ ਪ੍ਰਸਿੱਧ 'ਜਵਾਹਰ ਲਾਲ ਨਹਿਰੂ, ਸਟੇਡੀਅਮ ਵਿੱਚ 26 ਤੋਂ 28 ਦਸੰਬਰ ਤੱਕ, ਐੱਸ.ਬੀ.ਕੇ.ਐੱਫ਼. (ਸੰਯੁਕਤ ਭਾਰਤ ਖੇਲ ਫਾਊਂਡੇਸ਼ਨ) ਵੱਲੋਂ ਕਰਵਾਈਆਂ 13ਵੀਆਂ ਨੈਸ਼ਨਲ ਖੇਡਾਂ ਵਿੱਚ ਵੱਖੋ-ਵੱਖ ਸੂਬਿਆਂ ਤੋਂ ਆਏ ਖਿਡਾਰੀਆਂ ਨੇ ਖੂਬ ਜੋਹਰ ਵਿਖਾਏ। ਇਸੇ ਦੌਰਾਨ ਪੰਜਾਬ ਵੱਲੋਂ ਖੇਡਦਿਆਂ ਕਮਲਜੀਤ ਕੌਰ ਨੇ 03 ਗੋਲਡ ਮੈਡਲ ਜਿੱਤੇ। ਉਨ੍ਹਾਂ 100 ਮੀਟਰ ਦੌੜ, ਲੌਂਗ-ਜੰਪ ਅਤੇ ਟ੍ਰਿਪਲ-ਜੰਪ ਵਿੱਚ ਪਹਿਲੇ ਸਥਾਨ ਪ੍ਰਾਪਤ ਕੀਤੇ।ਜਿਕਰਯੋਗ ਹੈ ਕਿ ਪਿੰਡ: ਮੰਡੇਰ (ਜਲੰਧਰ)



ਵਿਖੇ ਸਰਕਾਰੀ ਮੁੱਖ-ਅਧਿਆਪਕਾ ਵਜੋਂ ਤਾਇਨਾਤ ਕਮਲਜੀਤ ਕੌਰ ਪਹਿਲਾਂ ਵੀ ਜਿਲ੍ਹਾ, ਸਟੇਟ ਅਤੇ ਨੈਸ਼ਨਲ ਪੱਧਰ ਦੇ ਅਥਲੈਟਿਕਸ ਮੁਕਾਬਲਿਆਂ ਵਿੱਚ ਦਰਜਣਾਂ ਹੀ ਮੈਡਲ ਜਿੱਤ ਚੁੱਕੇ ਹਨ। ਉਕਤ ਤੋਂ ਇਲਾਵਾ ਵੀ ਉਨ੍ਹਾਂ ਚਲੰਤ ਵਰ੍ਹੇ ਵਿੱਚ ਹੀ ਚੇਨਈ ਵਿਖੇ ਹੋਈਆਂ ਏਸ਼ੀਅਨ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਲੌਂਗ-ਜੰਪ ਵਿੱਚ ਸੁਪਰ-6 ਵਿੱਚ ਸਥਾਨ ਹਾਸਲ ਕੀਤਾ।

# ਕਪੂਰਥਲਾ ਵਿੱਚ ਲੁਟੇਰਿਆਂ ਨੇ ਪਿਸਤੌਲ ਦੀ ਨੋਕ ਤੇ ਦੋ ਪੈਟਰੋਲ ਪੰਪ ਲੁੱਟੇ

## ਪੁਲਿਸ ਵੱਲੋਂ ਮਾਮਲਾ ਦਰਜ, ਸੀ ਸੀ ਟੀ ਵੀ ਫੁਟੇਜ ਨੂੰ ਖੰਗਾਲਿਆ ਜਾ ਰਿਹਾ

**ਕਪੂਰਥਲਾ, (ਕੌੜਾ)–** ਕਪੂਰਥਲਾ ਦੇ ਥਾਣਾ ਸਦਰ ਪੁਲਿਸ ਨੇ ਦੋ ਪੈਟਰੋਲ ਪੰਪਾਂ ਤੇ ਨਕਦੀ ਲੁੱਟਣ ਦੇ ਮਾਮਲੇ ਵਿੱਚ ਤਿੰਨ ਅਣਪਛਾਤੇ ਲੁਟੇਰਿਆਂ ਦੇ ਖਿਲਾਫ ਬੀ ਐੱਨ ਐੱਸ ਦੀਆਂ ਵੱਖ ਵੱਖ ਧਰਾਵਾਂ ਦੇ ਤਹਿਤ ਕੇਸ ਦਰਜ ਕੀਤਾ ਹੈ । ਪ੍ਰਤਾਪ ਸਿੰਘ ਨਿਵਾਸੀ ਅਰਬਨ ਸਟੇਟ ਕਪੂਰਥਲਾ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸਦਾ ਪਿੰਡ ਸਿੱਧਵਾਂ ਦੋਨਾਂ ਵਿੱਚ ਪੈਟਰੋਲ ਪੰਪ ਦੁਆਬਾ ਪੈਟਰੋਮਾਰਟ ਹੈ । ਜਿਸ ਵਿੱਚ ਚਾਰ ਮੁਲ-ਜ਼ਮ ਕੰਮ ਕਰਦੇ ਹਨ। 27 ਦਿਸੰਬਰ ਦੀ ਸ਼ਾਮ ਕਰੀਬ ਸਾਢੇ 7ਵਜੇ ਪੈਟਰੋਲ ਪੰਪ ਤੇ ਕੰਮ ਕਰਨ ਵਾਲੇ ਕਰਿੰਦੇ ਮੋਰੀਆ ਪੁੱਤਰ ਰਾਮ ਭਵਨ ਦਾ ਫੋਨ ਆਇਆ ਕਿ ਪੈਟਰੋਲ ਪੰਪ ਤੇ ਤਿੰਨ ਅਣਪਛਾਤੇ



ਨੌਜਵਾਨ ਬਿਨਾਂ ਨੰਬਰ ਬੁਲੇਟ ਮੋਟਰਸਾਈਕਲ ਤੇ ਆਏ ਤੇ ਜਿਨ੍ਹਾਂ ਨੇ ਮੂੰਹ ਢਕੇ ਹੋਏ ਸਨ। ਦੋਨਾਂ ਨੌਜਵਾਨਾਂ ਦੇ ਕੋਲ ਪਿਸਤੌਲ ਸੀ। ਉਨਾਂ ਪਿਸਤੌਲ ਉਸ ਤੇ ਤਾਣ ਦਿੱਤੀ ਅਤੇ ਕਰਿੰਦੇ ਤੋਂ 44 ਹਜ਼ਾਰ ਦੀ ਨਗਦੀ ਖੋਹ ਕੇ ਫਰਾਰ ਹੋ ਗਏ। ਸੂਚਨਾ ਮਿਲਦੇ ਹੀ ਪੰਪ ਤੇ ਪਹੁੰਚ ਕੇ ਮੈਨੂੰ ਪਤਾ ਲੱਗਾ ਕਿ ਉਹਨਾਂ ਤਿੰਨਾਂ ਅਣਪਛਾਤੇ ਨੌਜਵਾਨਾਂ ਨੇ ਪਿੰਡ ਰਜਾਪੁਰ ਫਿਲਿੰਗ ਸਟੇਸ਼ਨ ਤੇ ਰਿਵਾਲਵਰ ਦੀ ਨੋਕ ਤੇ ਕਰਿੰਦੇ ਤੋਂ 4500 ਦੀ ਲੁੱਟ ਕੀਤੀ ਹੈ। ਉਹਨਾਂ ਤੁਰੰਤ ਇਸ ਦੀ ਸ਼ਿਕਾਇਤ ਥਾਣਾ ਸਦਰ ਪੁਲਿਸ ਨੂੰ ਦਿੱਤੀ ਸ਼ਿਕਾਇਤ ਦੇ ਅਧਾਰ ਤੇ ਤਿੰਨ ਅਣਪਛਾਤੇ ਲੁਟੇਰਿਆਂ ਦੇ ਖਿਲਾਫ ਬੀ ਐਨ ਐਸ ਦੀਆਂ ਵੱਖ-ਵੱਖ ਧਰਾਵਾਂ ਦੇ ਤਹਿਤ ਕੇਸ ਦਰਜ ਕੀਤਾ ਹੈ। ਪੁਲਿਸ ਸੀ ਸੀ ਟੀ ਵੀ ਫੁਟੇਜ ਦੇ ਆਧਾਰ ਤੇ ਲੁੱਟ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ।

# ਜ਼ਿੰਦਗੀ ਦਾ ਰਾਹ

ਜ਼ਿੰਦਗੀ ਕਈ ਵਾਰ ਅਜਿਹਾ ਇਕੱਲਾ ਰਾਹ ਬਣ ਜਾਂਦੀ ਹੈ, ਜਿੱਥੇ ਇਨਸਾਨ ਆਪਣੇ ਪੈਰਾਂ ਦੇ ਨਿਸ਼ਾਨਾਂ ਨੂੰ ਨਹੀਂ ਪਛਾਣਦਾ। ਅਜਿਹੇ ਸਮੇਂ ਜਦੋਂ ਦਿਲ ਦੀਆਂ ਖਿੜਕੀਆਂ ਦਰਦ ਦੀ ਤੀਬਰਤਾ ਵਿੱਚ ਕੰਬਦੀਆਂ ਹਨ ਅਤੇ ਚੁੱਪ ਦੀਆਂ ਪਰਤਾਂ ਚਾਰੇ ਪਾਸੇ ਚਿਪਕ ਜਾਂਦੀਆਂ ਹਨ, ਤਾਂ ਇਨਸਾਨ ਨੂੰ ਇੰਝ ਮਹਿਸੂਸ ਹੋਣ ਲੱਗਦਾ ਹੈ ਜਿਵੇਂ ਸਾਰਾ ਬ੍ਰਹਿਮੰਡ ਉਸ ਦੀਆਂ ਚੀਕਾਂ ਤੋਂ ਅਣਜਾਣ ਹੈ। ਇਹ ਇਕੱਲਤਾ ਦੇ ਅਜਿਹੇ ਪਲ ਹਨ, ਜਿੱਥੇ ਰਾਤ ਦਾ ਹਨੇਰਾ ਵੀ ਉਨ੍ਹਾਂ ਨੂੰ ਦੇਖ ਕੇ ਸ਼ਰਮਿੰਦਾ ਹੋ ਜਾਂਦਾ ਹੈ। ਇੰਨੇ ਸੰਘਣੇ, ਇੰਨੇ ਕੌੜੇ ਅਤੇ ਇੰਨੇ ਬੇਲੋੜੇ ਕਿ ਉਨ੍ਹਾਂ ਦਾ ਵਰਣਨ ਕਰਨਾ ਅਸੰਭਵ ਹੋ ਜਾਂਦਾ ਹੈ। ਉਸ ਸਮੇਂ, ਇੰਝ ਲੱਗਦਾ ਹੈ ਜਿਵੇਂ ਅਸਮਾਨ ਨੇ ਆਪਣੇ ਸਾਰੇ ਤਾਰੇ ਬੁਝਾ ਦਿੱਤੇ ਹੋਣ ਅਤੇ ਅਜਿਹਾ ਵਿਅਕਤੀ ਗੰਭੀਰ ਮੁਸੀਬਤਾਂ ਦੇ ਹਨੇਰੇ ਵਿੱਚ ਇਕੱਲਾ ਭਟਕ ਰਿਹਾ ਹੋਵੇ।

ਕਿਸੇ ਵੀ ਵਿਅਕਤੀ ਦੀ ਜ਼ਿੰਦਗੀ ਵਿੱਚ ਕਿਸੇ ਸਮੇਂ ਅਜਿਹੀਆਂ ਕਾਲੀਆਂ, ਚੁੱਪ ਰਾਤਾਂ ਆਉਂਦੀਆਂ ਹਨ। ਇਹ ਰਾਤਾਂ ਦਰਸਾਉਂਦੀਆਂ ਹਨ ਕਿ ਦੂਜਿਆਂ ਦਾ ਸਹਾਰਾ ਕਿੰਨਾ ਅਸਥਾਈ ਅਤੇ ਕਈ ਵਾਰ ਕਿੰਨਾ ਧੋਖੇਬਾਜ਼ ਹੁੰਦਾ ਹੈ। ਉਨ੍ਹਾਂ ਦੁਆਰਾ ਦਿੱਤਾ ਗਿਆ ਸਹਾਰਾ ਅਕਸਰ ਸੱਚ ਨਹੀਂ ਹੁੰਦਾ। ਉਹ ਚੰਨ ਦੀ ਰੌਸ਼ਨੀ ਵਾਂਗ ਹੀ ਸੁੰਦਰ ਹਨ, ਪਰ ਕਮਜ਼ੋਰ, ਨਰਮ ਅਤੇ ਬੇਵੱਸ ਹਨ, ਜੋ ਸਿਰਫ ਅੱਖਾਂ ਨੂੰ ਦਿਲਾਸਾ ਦਿੰਦੇ ਹਨ ਪਰ ਦਿਲ ਦੇ ਹਨੇਰੇ ਨੂੰ ਰੌਸ਼ਨ ਨਹੀਂ ਕਰਦੇ। ਜਦੋਂ ਕੋਈ ਵਿਅਕਤੀ ਆਪਣੇ ਦਰਦ ਵਿੱਚ ਡੁੱਬਿਆ ਹੁੰਦਾ ਹੈ, ਤਾਂ ਉਸਨੂੰ ਅਹਿਸਾਸ ਹੁੰਦਾ ਹੈ ਕਿ ਦਰਦ ਦੇ ਸਮੇਂ, ਉਹ ਆਪਣੇ ਆਪ ਦਾ ਮਾਲਕ ਹੈ ਪਰ ਕੋਈ ਹੋਰ ਇਸ ਹੱਦ ਤੱਕ ਨਹੀਂ ਪਹੁੰਚ ਸਕਦਾ। ਰਿਸ਼ਤੇ, ਵਾਅਦੇ ਅਤੇ ਦਿਲ-ਾਸੇ ਸਭ ਕੁਝ ਹਵਾ ਦੇ ਝੱਖੜ ਵਾਂਗ ਅਸਥਾਈ ਸ਼ਾਂਤੀ ਦੇ ਭਰਮ ਨੂੰ ਪਾਲਦੇ ਹਨ, ਪਰ ਸਾਨੂੰ ਆਪਣੇ ਅੰਦਰੋਂ ਅਸਲ ਸਹਿਣਸ਼ੀਲਤਾ ਦੀ ਬਾਰਿਸ਼ ਕਰਵਾਉਣੀ ਪਵੇਗੀ, ਨਹੀਂ ਤਾਂ ਆਤਮਾ ਦੀ ਪਿਆਸ ਕਦੇ ਨਹੀਂ ਬੁਝੇਗੀ। ਇਸ ਸਮੇਂ ਦੇ ਇਨ੍ਹਾਂ ਕਠੋਰ ਘੰਟਿਆਂ ਵਿੱਚ, ਇੱਕ ਵਿਅਕਤੀ ਇੱਕ ਮੋਮਬੱਤੀ ਵਾਂਗ ਸੜਦਾ ਹੈ, ਹੌਲੀ ਹੌਲੀ ਟਿਮਟਿਮਾਉਂਦਾ ਹੈ, ਪਰ ਇਹੀ ਲਾਟ ਉਸਦੇ ਅੰਦਰ ਵੀ ਪ੍ਰਕਾਸ਼ਮਾਨ ਹੈ। ਦੁੱਖ ਦਾ ਇਹ ਬਲਦਾ ਦੀਵਾ ਦੱਸਦਾ ਹੈ ਕਿ ਸ਼ਕਤੀ ਦੂਜਿਆਂ ਦੇ ਹੱਥਾਂ ਵਿੱਚ ਨਹੀਂ ਹੈ, ਸਗੋਂ ਸਾਡੇ ਅੰਦਰ ਛੁਪੀ ਹੋਈ ਹੈ। ਜਦੋਂ ਕੋਈ ਵਿਅਕਤੀ ਆਪਣੇ ਆਪ ਨੂੰ ਆਪਣੇ ਸਹਾਰੇ 'ਤੇ ਤੁਰਨਾ ਸਿਖਾਉਂਦਾ ਹੈ, ਤਾਂ ਉਸਦੇ ਕਦਮ ਆਪਣੇ ਆਪ ਮਜ਼ਬੂਤ ਹੋ ਜਾਂਦੇ ਹਨ, ਉਸਦੀਆਂ ਅੱਖਾਂ ਇਸ ਸਥਿਤੀ ਤੋਂ ਪੈਦਾ ਹੋਣ ਵਾਲੀ ਥਕਾਵਟ ਤੋਂ ਮੁਕਤ ਹੋ ਜਾਂਦੀਆਂ ਹਨ ਅਤੇ ਉਸਦਾ ਦਿਲ ਕਿਸੇ ਵੀ ਅਣਦੇਖੇ ਡਰ ਤੋਂ ਮੁਕਤ ਹੋ ਜਾਂਦਾ ਹੈ। ਫਿਰ ਕੋਈ ਵੀ ਹਨੇਰੀ ਰਾਤ ਉਸਨੂੰ ਡਰਾ ਨਹੀਂ ਸਕਦੀ, ਕਿਉਂਕਿ ਉਸਨੂੰ ਅਹਿਸਾਸ ਹੁੰਦਾ ਹੈ ਕਿ ਸਵੇਰ ਦਾ ਦੀਵਾ ਉਸਦੇ ਆਪਣੇ ਦਿਲ ਵਿੱਚ ਮਜ਼ਬੂਤੀ ਨਾਲ ਬਲਦਾ ਹੈ। ਇਹ ਇੱਕ ਜੀਵਤ ਸੱਚ ਹੈ, ਜੋ ਉਸਦਾ ਆਪਣਾ ਸਹਾਰਾ ਬਣ ਜਾਂਦਾ ਹੈ। ਦਰਅਸਲ, ਇਹ ਸਵੈ-ਗਿਆਨ ਪ੍ਰਾਪਤ ਕਰਨ ਵੱਲ ਪਹਿਲਾ ਕਦਮ ਹੈ। ਜਦੋਂ ਕੋਈ ਵਿਅਕਤੀ ਆਪਣੇ ਅੰਦਰ ਉਤਰਦਾ ਹੈ ਅਤੇ ਆਪਣੇ ਜ਼ਖ਼ਮਾਂ ਨਾਲ ਸਕਾਰਾਤਮਕ ਸੁਰ ਵਿੱਚ ਗੱਲ ਕਰਦਾ ਹੈ,ਤਾਂ ਉਹ ਆਪਣੀਆਂ ਟੁੱਟੀਆਂ ਨਾੜੀਆਂ ਨੂੰ ਆਪਣੇ ਸਾਹ ਨਾਲ ਬੰਨ੍ਹਣਾ ਸ਼ੁਰੂ ਕਰ ਦਿੰਦਾ ਹੈ ਅਤੇ ਫਿਰ ਹੌਲੀ-ਹੌਲੀ ਇੱਕ ਮਜ਼ਬੂਤ, ਪੂਰੇ ਵਧੇ ਹੋਏ ਰੁੱਖ ਵਾਂਗ ਦੁਬਾਰਾ ਖੜ੍ਹਾ ਹੋ ਜਾਂਦਾ ਹੈ। ਅਜਿਹੇ ਲੋਕ ਦੁਨੀਆ ਦੇ ਜ਼ਾਲਮ ਮੌਸਮਾਂ ਤੋਂ ਨਹੀਂ ਡਰਦੇ ਕਿਉਂਕਿ ਉਨ੍ਹਾਂ ਨੇ ਆਪਣਾ ਅਸਮਾਨ ਅਤੇ ਆਪਣਾ ਪਰਛਾਵਾਂ ਆਪਣੇ ਮਨੋਬਲ ਨਾਲ ਬਣਾਇਆ ਹੁੰਦਾ ਹੈ।ਇਹ ਕੌੜੀਆਂ ਰਾਤਾਂ ਹਮੇਸ਼ਾ ਲਈ ਨਹੀਂ ਰਹਿੰਦੀਆਂ। ਪਰ ਜੋ ਇਨ੍ਹਾਂ ਰਾਤਾਂ ਦੌਰਾਨ ਸਵੈ-ਨਿਰਭਰ ਹੋਣਾ ਸਿੱਖਦੇ ਹਨ ਉਹ ਦਿਨ ਦੀ ਰੌਸ਼ਨੀ ਵਿੱਚ ਹੋਰ ਵੀ ਚਮਕਦੇ ਹਨ। ਇਹ ਮੁਸੀਬਤਾਂ ਸਾਨੂੰ ਤੋੜਨ ਲਈ ਨਹੀਂ ਆਉਂਦੀਆਂ, ਸਗੋਂ ਆਪਣੇ ਆਪ ਨੂੰ ਅੰਦਰੋਂ ਸੁਧਾਰਨ ਅਤੇ ਆਪਣੇ ਮਨੋਬਲ ਨੂੰ ਮਜ਼ਬੂਤ ਕਰਨ ਲਈ ਆਉਂਦੀਆਂ ਹਨ। ਜ਼ਿੰਦਗੀ ਦੀ ਅਸਲ ਸੁੰਦਰਤਾ ਇਹ ਨਹੀਂ ਹੈ ਕਿ ਕੋਈ ਸਾਡੇ ਹੰਝੂ ਪੂੰਝੇ, ਸਗੋਂ ਅਸੀਂ ਖੁਦ ਆਪਣੇ ਦਿਲਾਂ ਨੂੰ ਫੜ ਕੇ ਦਲੇਰੀ ਨਾਲ ਕਹੀਏ ਕਿ ਅਸੀਂ ਆਪਣੇ ਆਪ ਦੇ ਮਾਲਕ ਹਾਂ।ਹਰ ਵਿਅਕਤੀ ਦਾ ਕੋਈ ਨਾ ਕੋਈ ਦੁੱਖ ਹੁੰਦਾ ਹੈ, ਉਸਦੀ ਜ਼ਿੰਦਗੀ ਦਾ ਇੱਕ ਖਾਸ ਹਿੱਸਾ, ਪਰ ਕੁਝ ਲੋਕ ਇਨ੍ਹਾਂ ਦੁੱਖਾਂ ਦੇ ਸਾਹਮਣੇ ਟੁੱਟ ਜਾਂਦੇ ਹਨ। ਜਦੋਂ ਇੱਕ ਵਿਅਕਤੀ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਖੁਦ ਆਪਣਾ ਇਲਾਜ ਹੈ, ਉਸਦੀ ਪਹਿਲੀ ਅਤੇ ਆਖਰੀ ਉਮੀਦ ਹੈ, ਤਾਂ ਉਸਦੇ ਅੰਦਰ ਇੱਕ ਅਸਾਧਾਰਨ ਸ਼ਕਤੀ ਪੈਦਾ ਹੁੰਦੀ ਹੈ। ਇਹ ਸ਼ਕਤੀ ਚੀਕਣ ਨਾਲ ਨਹੀਂ, ਸਗੋਂ ਚੁੱਪ ਰਹਿਣ ਨਾਲ ਵਧਦੀ ਹੈ। ਇਹ ਹੱਥਾਂ 'ਤੇ ਨਹੀਂ, ਸਗੋਂ ਦਿਲ ਦੇ ਅੰਦਰ ਪੈਦਾ ਹੁੰਦੀ ਹੈ। ਅਤੇ ਇਹ ਵਿਅਕਤੀ ਨੂੰ ਇੰਨਾ ਮਜ਼ਬੂਤ ਬਣਾ ਦਿੰਦੀ ਹੈ ਕਿ ਉਹ ਆਪਣੇ ਮੌਜੂਦਾ ਸਮੇਂ ਨਾਲੋਂ ਚਮਕਦਾਰ, ਵਧੇਰੇ ਆਤਮਵਿਸ਼ਵਾਸੀ ਅਤੇ ਮਜ਼ਬੂਤ ਬਣ ਜਾਂਦਾ ਹੈ। ਆਪਣੇ ਆਪ 'ਤੇ ਭਰੋਸਾ ਕਰਨਾ, ਆਪਣੇ ਅੰਦਰਲੇ ਸਹਾਰੇ ਨੂੰ ਜਗਾਉਣ ਦੀ ਇਹ ਪ੍ਰਕਿਰਿਆ ਆਸਾਨ ਨਹੀਂ ਹੈ। ਇਹ ਟੁੱਟੇ ਹੋਏ ਸ਼ੀਸ਼ੇ ਜਾਂ ਅੱਗ ਦੀਆਂ ਲਾਟਾਂ 'ਤੇ ਨੰਗੇ ਪੈਰ ਤੁਰਨ ਵਰਗਾ ਔਖਾ ਕੰਮ ਹੈ। ਪਰ ਜਦੋਂ ਕੋਈ ਵਿਅਕਤੀ ਇਸ ਯਾਤਰਾ ਨੂੰ ਪੂਰਾ ਕਰਦਾ ਹੈ, ਤਾਂ ਉਹੀ ਸ਼ੀਸ਼ਾ ਉਸਦੇ ਅੰਦਰ ਦ੍ਰਿੜਤਾ ਦੀ ਰੌਸ਼ਨੀ ਨੂੰ ਦਰਸਾਉਂਦਾ ਹੈ। ਜ਼ਖ਼ਮ ਵੀ ਠੀਕ ਹੋ ਜਾਂਦੇ ਹਨ ਅਤੇ ਇਨ੍ਹਾਂ ਜ਼ਖ਼ਮਾਂ ਦੇ ਨਿਸ਼ਾਨ ਇੱਕ ਵਿਅਕਤੀ ਨੂੰ ਇੱਕ ਸਬਕ ਸਿਖਾਉਂਦੇ ਹਨ, ਜੋ ਕਿਸੇ ਕਿਤਾਬ ਵਿੱਚ ਨਹੀਂ ਮਿਲਦਾ, ਕਿ ਜ਼ਿੰਦਗੀ ਦਾ ਅਸਲ ਸਾਥੀ ਉਹ ਹੈ ਜੋ ਤੁਹਾਡੇ ਅੰਦਰ ਰਹਿੰਦਾ ਹੈ, ਜੋ ਕਦੇ ਨਹੀਂ ਛੱਡਦਾ ਅਤੇ ਜੋ ਕਦੇ ਨਹੀਂ ਬਦਲਦਾ - ਤੁਹਾਡਾ ਆਪਣਾ ਦ੍ਰਿੜ ਇਰਾਦਾ। ਸਮੇਂ ਦੇ ਨਾਲ, ਇੱਕ ਵਿਅਕਤੀ ਸਮਝਦਾ ਹੈ ਕਿ ਉਹ ਲੋਕ, ਜਿਨ੍ਹਾਂ ਨੂੰ ਕਦੇ ਉਸਦਾ ਸਹਾਰਾ ਮੰਨਿਆ ਜਾਂਦਾ ਸੀ, ਅਸਲ ਵਿੱਚ ਉਸਦੀ ਜ਼ਿੰਦਗੀ ਦੇ ਯਾਤਰੀ ਸਨ। ਜੇ ਕੋਈ ਉਸਦੇ ਨਾਲ ਰਿਹਾ, ਤਾਂ ਉਹ ਸਿਰਫ ਮ੍ਰਿਗ ਤ੍ਰਿਸ਼ਨਾ ਦੀ ਇੱਕ ਤਸਵੀਰ ਬਣ ਰਿਹਾ ਸੀ। ਜਦੋਂ ਕੋਈ ਵਿਅਕਤੀ ਆਪਣੇ ਆਪ ਸਹੀ ਸੋਚ 'ਤੇ ਚੱਲਣਾ ਸਿੱਖਦਾ ਹੈ, ਤਾਂ ਕਿਸੇ ਦੇ ਬਦਲਣ ਦਾ ਡਰ ਉਸਦੇ ਦਿਲ ਜਾਂ ਦਿਮਾਗ ਵਿੱਚ ਕੋਈ ਜਗ੍ਹਾ ਨਹੀਂ ਰੱਖਦਾ। ਉਹ ਆਪਣਾ ਰਸਤਾ ਖੁਦ ਬਣਾਉਂਦਾ ਹੈ, ਆਪਣਾ ਦੀਵਾ ਖੁਦ ਜਗਾਉਂਦਾ ਹੈ, ਅਤੇ ਆਪਣਾ ਹਨੇਰਾ ਖੁਦ ਦੂਰ ਕਰਦਾ ਹੈ। ਇਸੇ ਲਈ ਜ਼ਿੰਦਗੀ ਵਿੱਚ ਕਈ ਵਾਰ ਕੌੜੀਆਂ ਰਾਤਾਂ ਅਟੱਲ ਤੌਰ 'ਤੇ ਆਉਂਦੀਆਂ ਹਨ ਅਤੇ ਇੱਕ ਮੋੜ ਲੈਂਦੀਆਂ ਹਨ ਕਿਉਂਕਿ ਉਹ ਇੱਕ ਵਿਅਕਤੀ ਨੂੰ ਦਿਖਾਉਂਦੀਆਂ ਹਨ ਕਿ ਉਹ ਇਕੱਲਾ ਹੋਣ 'ਤੇ ਵੀ ਕਿੰਨਾ ਸੰਪੂਰਨ ਹੋ ਸਕਦਾ ਹੈ। ਇਨ੍ਹਾਂ ਰਾਤਾਂ ਦੀ ਕੁੜੱਤਣ ਉਸਨੂੰ ਮਜ਼ਬੂਤ ਬਣਾਉਂਦੀ ਹੈ ਅਤੇ ਉਸਦੇ ਅੰਦਰ ਛੁਪੀ ਹੋਈ ਰੌਸ਼ਨੀ ਨੂੰ ਜਗਾਉਂਦੀ ਹੈ। ਅਤੇ ਜਦੋਂ ਸਵੇਰ ਹੁੰਦੀ ਹੈ, ਤਾਂ ਉਹੀ ਵਿਅਕਤੀ ਪਹਿਲਾਂ ਨਾਲੋਂ ਪਵਿੱਤਰ, ਮਜ਼ਬੂਤ ਅਤੇ ਸਿਆਣਾ ਹੋ ਜਾਂਦਾ ਹੈ ਅਤੇ ਡਿੱਗਣ ਤੋਂ ਬਾਅਦ ਵੀ ਆਪਣੇ ਆਪ ਨੂੰ ਆਪਣੇ ਹੱਥਾਂ ਨਾਲ ਚੁੱਕ ਸਕਦਾ ਹੈ। ਆਪਣੇ ਪੈਰਾਂ ਦੀਆਂ ਗੁਆਚੀਆਂ ਪੈੜਾਂ ਨੂੰ ਭਾਲ ਹੀ ਲੈਂਦਾ ਹੈ, ਜੋ ਕਦੇ ਸਮੇਂ ਦੀ ਧੂੜ ਅੱਟੇ ਰਾਹ 'ਚ, ਕਿਸੇ ਕਾਰਨ ਅਲੋਪ ਹੋ ਗਈਆ ਸਨ।



**ਸੁਰਜੀਤ ਸਿੰਘ ਭੁੱਲਰ**

# ਵਿਸ਼ੇਸ਼ ਸਾਹਿਤਕ ਰਿਪੋਰਟ

# ਯਾਦਾਂ ਬੀਤੇ ਵਰ੍ਹੇ 2025 ਦੀਆਂ

## ਵਰ੍ਹਾ 2025 ਦੌਰਾਨ ਜਾਰੀ ਰਹੀ ਜ਼ਿਲ੍ਹਾ ਬਰਨਾਲਾ ਦੇ ਸਾਹਿਤਕਾਰਾਂ ਦੀ ਸਿਰਜਣ ਪ੍ਰਕਿਰਿਆ : ਬਿੰਦਰ ਸਿੰਘ ਖੁੱਡੀ ਕਲਾਂ





**ਸਾਲ 2025 ਦੌਰਾਨ ਜ਼ਿਲ੍ਹੇ ਦੇ ਲੇਖਕ ਬਿੰਦਰ ਸਿੰਘ ਖੁੱਡੀ ਕਲਾਂ ਦੀਆਂ ਦੋ ਬਾਲ ਪੁਸਤਕਾਂ " ਅੱਕੜ ਬੱਕੜ(ਵਿਸਰੀਆਂ ਬਾਲ ਖੇਡਾਂ) ਅਤੇ ਆਓ ਗਾਈਏ(ਬਾਲ ਗੀਤ ਸੰਗ੍ਰਹਿ )" ਸਮੇਤ ਸਿੱਖ ਇਤਿਹਾਸ ਦੇ ਖੋਜਕਾਰ ਲੇਖਕ ਗੁਰਜੰਟ ਸਿੰਘ ਬਰਨਾਲਾ ਦੀ ਪੁਸਤਕ "ਗੰਜਨਾਮਾ" ਨੂੰ ਸਕੂਲ ਸਿੱਖਿਆ ਵਿਭਾਗ ਵੱਲੋਂ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਕੀਤਾ ਗਿਆ।**

ਬਰਨਾਲਾ:ਬਰਨਾਲੇ ਨੂੰ ਸਾਹਿਤ ਦੀ ਰਾਜਧਾਨੀ ਵਜੋਂ ਜਾਣਿਆ ਜਾਂਦਾ ਹੈ।ਇੱਥੋਂ ਦਾ ਸਾਹਿਤਕ ਇਤਿਹਾਸ ਬੜਾ ਮਾਣਮੱਤਾ ਹੈ।ਸਾਹਿਤ ਦੇ ਖੇਤਰ 'ਚ ਧਰੂੰ ਤਾਰੇ ਵਾਂਗ ਚਮਕਣ ਵਾਲੇ ਲੋਕ ਕਵੀ ਸੰਤ ਰਾਮ ਉਦਾਸੀ ਅਤੇ ਰਾਮ ਸਰੂਪ ਅਣਖੀ ਜਿਹੇ ਨਾਵਲਕਾਰ ਅਤੇ ਕਹਾਣੀਕਾਰ ਇਸੇ ਧਰਤੀ ਦੀ ਉਪਜ ਹਨ।ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਅਕਸਰ ਹੀ ਸੰਤ ਰਾਮ ਉਦਾਸੀ ਦੇ ਗੀਤ ਅਤੇ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਦੇ ਸ਼ਿਅਰ ਉਚਾਰਦੇ ਰਹਿੰਦੇ ਹਨ।ਇੱਥੋਂ ਦੇ ਰਾਜਸੀ ਆਗੂ ਵੀ ਸਾਹਿਤ ਨਾਲ ਲਗਾਅ ਰਖਦੇ ਹਨ। ਸਾਬਕਾ ਮੁੱਖ ਮੰਤਰੀ ਸਵ.ਸੁਰਜੀਤ ਸਿੰਘ ਬਰਨ-ਾਲਾ ਸਾਹਿਤ ਦੇ ਖੇਤਰ ਵਿੱਚ ਨਾਮਣਾ ਖੱਟ ਚੁੱਕੇ ਹਨ।ਪੰਜਾਬ ਦੀ ਸੱਤਧਾਰੀ ਪਾਰਟੀ ਦੇ ਵਿਧਾਇਕ ਸ.ਲਾਭ ਸਿੰਘ ਉੱਗੋਕੇ ਵੀ ਸਾਹਿਤ ਨਾਲ ਕਾਫੀ ਲਗਾਅ ਰਖਦੇ ਹਨ।ਪਿਛਲੇ ਵਰ੍ਹੇ ਉਹਨਾਂ ਦੀ ਪਲੇਠੀ ਕਾਵਿ ਪੁਸਤਕ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਵੱਲੋਂ ਲੋਕ ਅਰਪਣ ਕੀਤੀ ਗਈ। ਜ਼ਿਲ੍ਹੇ ਵਿੱਚ ਦਰਜਨ ਤੋਂ ਜ਼ਿਆਦਾ ਸਾਹਿਤ ਸਭਾਵਾਂ ਸਰਗਰਮ ਹਨ। ਇਹਨਾਂ ਵੱਲੋਂ ਪੁਸਤਕਾਂ ਦੇ ਲੋਕ ਅਰਪਣ, ਗੋਸ਼ਟੀਆਂ ਅਤੇ ਕਵੀ ਦਰਬਾਰ ਕਰਵਾਉਣ ਦਾ ਸਿਲਸਿਲਾ ਸਾਲ ਭਰ ਜਾਰੀ ਰਿਹਾ।ਕਈ ਲੇਖਕਾਂ ਵੱਲੋਂ ਆਪਣੇ ਸਵਰਗੀ ਬਜ਼ੁਰਗਾਂ ਅਤੇ ਹੋਰ ਪਰਿਵਾਰਕ ਮੈਂਬਰਾਂ ਦੀ ਯਾਦ ਵਿੱਚ ਸਾਹਿਤਕ ਸਨਮਾਨ ਸਮਾਗਮ ਕਰਵਾਏ ਜਾਣ ਦੀ ਵਿਲੱਖਣ ਪਿਰਤ ਪਾਈ ਗਈ। ਜ਼ਿਲ੍ਹੇ ਦਾ ਭਾਸ਼ਾ ਦਫ਼ਤਰ ਵੀ ਵਿਭਾਗੀ ਹਦਾਇਤਾਂ ਅਨੁਸਾਰ ਸਮਾਗਮ ਕਰਵਾਉਣ, ਪੁਸਤਕ ਸਭਿਆਚਾਰ ਦੀ ਪ੍ਰਫੁੱਲਤਾ ਅਤੇ ਭਾਸ਼ਾ ਐਕਟ ਦੀ ਪਾਲਣਾ ਲਈ ਹਮੇਸ਼ਾ ਗਤੀਸ਼ੀਲ ਰਹਿੰਦਾ ਹੈ।

ਪਿਛਲੇ ਵਰ੍ਹੇ ਜ਼ਿਲ੍ਹਾ ਬਰਨਾਲਾ ਦੇ ਲੇਖਕਾਂ ਵੱਲੋਂ ਵੱਖ ਵੱਖ ਵਿਧਾਵਾਂ ਦੀਆਂ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ ਗਈਆਂ।ਪੰਜਾਬੀ ਸਾਹਿਤ ਰਤਨ ਓਮ ਪ੍ਰਕਾਸ਼ ਗਾਸੋ ਵੱਲੋਂ ਤਿੰਨ ਪੁਸਤਕਾਂ ਤਲਖੀਆਂ ਦੀ ਤਾਸੀਰ(ਕਾਵਿ ਧਾਰਾ),ਦੁਨੀਆਂ ਦੇ ਦੁਖਾਂਤ (ਵਿਵੇਕਸ਼ੀਲ ਵਾਰਤਾ) ਅਤੇ ਇਹ ਇਕ ਆਵਾਜ਼ ਹੈ(ਨਾਵਲ),ਬੂਟਾ ਸਿੰਘ ਚੌਹਾਨ ਵੱਲੋਂ ਪੰਜ ਪੁਸਤਕਾਂ ਮੇਰੀਆਂ ਚੋਣਵੀਆਂ ਕਹਾਣੀਆਂ(ਕਹਾਣੀ ਸੰਗ੍ਰਹਿ),ਤੁਰ ਗਿਆਂ ਦੀ ਖੋਹ(ਸੀਰਤਨਾਮੇ),ਮੇਰੀ ਪਹਿਲੀ ਮੁਹੱਬਤ (ਸੰਪਦਨਾ),ਬੰਗਾਲੀ ਲੇਖਕ ਬਿਮਲ ਦਾ ਸਫਰਨਾਮਾ ਮਹਾ ਤੀਰਥ ਦੇ ਅੰਤਿਮ ਯਾਤਰੀ(ਅਨੁਵਾਦ) ਅਤੇ ਮਰਾਠੀ ਲੇਖਕ ਸ਼ਰਣ ਕੁਮਾਰ ਲਿੰਬਲੇ ਦੇ ਦੋ ਨਾਵਲ ਨਰ ਬਾਨਰ ਅਤੇ ਬਹੁਜਨ ਦਾ ਅਨੁਵਾਦ,ਸੀ.ਮਾਰਕੰਡਾ ਵੱਲੋਂ ਕਈ ਜੁਗਨੂੰ ਕਈ ਤਾਰੇ (ਲੇਖ ਸੰਗ੍ਰਹਿ),ਯਾਦਵਿੰਦਰ ਸਿੰਘ ਭੁੱਲਰ ਵੱਲੋਂ ਵਿੱਦਿਆ ਦੇ ਧਾਮ(ਜ਼ਿਲ੍ਹੇ ਦੇ ਨਿੱਜੀ ਸਕੂਲਾਂ ਬਾਰੇ),ਮਾਲਵਿੰਦਰ ਸ਼ਾਇਰ ਵੱਲੋਂ ਕਸਤੂਰੀ (ਗ਼ਜ਼ਲ ਸੰਗ੍ਰਹਿ ) ਅਤੇ ਖ਼ੂਬ ਕਿਹਾ ਉਸਤਾਦ ( ਹਾਸ-ਰਸ ਟੋਟਕੇ),ਤੇਜਿੰਦਰ ਚੰਡਿਹੋਕ ਵੱਲੋਂ ਸਿਰਜਣਾ ਤੇ ਪ੍ਰਤੀਕਰਮ (ਅਲੋਚਨਾ) ਅਤੇ ਹਵਾ ਮੇਂ ਗੂੰਜਤੇ ਹਰਫ਼ ( ਮਿੰਨੀ ਕਹਾਣੀ ਸੰਗ੍ਰਹਿ),ਡਾ. ਭੁਪਿੰਦਰ ਸਿੰਘ ਬੇਦੀ ਵੱਲੋਂ ਨਾਵਲ ਮੇਰੀ ਨਜ਼ਰ ਵਿੱਚ (ਅਲੋਚਨਾ),ਡਾ. ਰਾਮਪਾਲ ਸ਼ਾਹਪੁਰੀ ਵੱਲੋਂ ਬੀਜ ਅੰਦਰਲਾ ਜੰਗਲ (ਕਾਵਿ ਸੰਗ੍ਰਹਿ ),ਜਸ ਧਾਲੀਵਾਲ ਵੱਲੋਂ ਮੈਂ ਗਾਰਗੀ ਦੇ ਪਿੰਡ ਦਾ (ਕਾਵਿ ਸੰਗ੍ਰਹਿ ),ਡਾ. ਬਿਕਰਮਜੀਤ ਪੁਰਬਾ ਵੱਲੋਂ ਹਮੇਸ਼ਾਂ ਵੱਡਾ ਸੋਚੋ (ਵਾਰਤਕ),ਇੰਦਰਜੀਤ ਕੌਰ ਰੰਧਾਵਾ ਵੱਲੋਂ ਰਿਸ਼ਤਿਆਂ ਦੀਆਂ ਤੰਦਾਂ ( ਵਿਚਾਰ ਸੰਗ੍ਰਹਿ ),ਪੰਜਾਬੀ ਸਾਹਿਤ ਸਭਾ,ਬਰਨਾਲਾ ਵੱਲੋਂ ਵਿਚਾਰ ਤੇ ਸੰਵਾਦ,ਜਸਵਿੰਦਰ ਕੌਰ ਤੂਰ ਵੱਲੋਂ ਜਨਾਨੀਆਂ ਜੋਗੇ (ਕਹਾਣੀ ਸੰਗ੍ਰਹਿ ),ਹਾਕਮ ਸਿੰਘ ਰੂੜੇਕੇ ਵੱਲੋਂ ਨਣਦ ਦਿਆ ਵੀਰਾ (ਗੀਤ ਸੰਗ੍ਰਹਿ ),ਰਘਵੀਰ ਸਿੰਘ ਗਿੱਲ 'ਕੱਟੂ' ਵੱਲੋਂ ਮੇਰੀਆਂ ਚੋਣਵੀਆਂ ਬੋਲੀਆਂ (ਬੋਲੀਆਂ ਸੰਗ੍ਰਹਿ ),ਮੋਹਿੰਦਰ ਸਿੰਘ ਰਾਹੀ ਵੱਲੋਂ ਵਾਤਾਵਰਨ ਦੇ ਵਣਜਾਰੇ (ਵਾਰਤਿਕ) ਅਤੇ ਮੁੜ ਆਈਆਂ ਚਿੜੀਆਂ (ਲੇਖ ਸੰਗ੍ਰਹਿ ),ਮਮਤਾ ਸੇਤੀਆ ਸੇਖਾ ਵੱਲੋਂ ਪਾਣੀ ਦੇ ਬੁਲਬੁਲੇ ( ਕਹਾਣੀ ਸੰਗ੍ਰਹਿ ),ਯਾਦਵਿੰਦਰ ਸਿੰਘ ਤਪਾ ਵੱਲੋਂ ਉਡੀਕਾਂ ਸੱਜਣ ਦੀਆਂ (ਗ਼ਜ਼ਲ ਸੰਗ੍ਰਹਿ ),ਪ੍ਰੋ.ਤਰਸਪਾਲ ਕੌਰ ਵੱਲੋਂ ਕਲਿਆਣੀ (ਨਾਟਕ ਸੰਗ੍ਰਹਿ )ਲਾਭ ਸਿੰਘ ਉੱਗੋਕੇ ਐਮ. ਐਲ. ਏ. ਵੱਲੋਂ ਤੂੰ ਇੱਕ ਦੀਵਾ ਬਣ (ਕਾਵਿ ਸੰਗ੍ਰਹਿ ),ਲਵਪ੍ਰੀਤ ਸਿੰਘ ਵੱਲੋਂ ਕਲੀ-ਜੋਟਾ (ਕਾਵਿ ਸੰਗ੍ਰਹਿ ),ਹਾਕਮ ਸਿੰਘ ਭੁੱਲਰ ਵੱਲੋਂ ਜਿੰਮੇ ਲੱਗਿਆ ਕੰਮ,ਜਗਜੀਤ ਕੌਰ ਢਿਲਵਾਂ ਵੱਲੋਂ ਵੰਝਲੀ ਦੀ ਤਾਣ (ਗ਼ਜ਼ਲ ਸੰਗ੍ਰਹਿ ),ਭੋਲਾ ਸਿੰਘ ਸੰਘੇੜਾ ਵੱਲੋਂ ਆਪਣੀ ਮਿੱਟੀ ਦੇ ਪੁੱਤ ( ਕਿਸਾਨੀ ਜੀਵਨ ਨਾਲ਼ ਸਬੰਧਤ ਚੋਣਵੀਆਂ ਕਹਾਣੀਆਂ),ਪੁਨੀਤ ਗੁਪਤਾ ਵੱਲੋਂ ਸੰਜੀਵਨੀ ਇੱਕ ਰੋਲ ਮਾਡਲ (ਮਿੰਨੀ ਕਹਾਣੀ ਸੰਗ੍ਰਹਿ ),ਤੇਜਾ ਸਿੰਘ ਤਿਲਕ ਵੱਲੋਂ ਡਾ. ਅਮਰ ਕੋਮਲ ਦੀ ਰੀਵਿਊਕਾਰੀ (ਸੰਪਾਦਨਾ) ਅਤੇ ਪਰਖ-ਪੜਚੋਲ (ਸੰਪਾਦਨਾ),ਗਿਆਨੀ ਹਰਦਦੇਵ ਸਿੰਘ ਖੁੱਡੀ ਕਲਾਂ ਵੱਲੋਂ ਤਿਲਕ ਜੰਞੂ ਦੇ ਰਾਖੇ(ਗੀਤ ਸੰਗ੍ਰਹਿ),ਹਰਦੀਪ ਕੌਰ ਬਾਵਾ ਵੱਲੋਂ ਇੱਕ ਹੋਰ ਰੇਪ ਕੇਸ,ਅੰਤਰਜੀਤ ਭੱਠਲ ਵੱਲੋਂ ਸਨਾਖ਼ਤ (ਕਹਾਣੀ ਸੰਗ੍ਰਹਿ),ਤਾਨੀਆ ਵੱਲੋਂ ਸ਼ਾਇਦ ਉਹ ਪੜ੍ਹੇ (ਕਾਵਿ-ਸੰਗ੍ਰਹਿ),ਰਾਮ ਸਰੂਪ ਸ਼ਰਮਾ ਵੱਲੋਂ ਅਮੀਰ ਖੁਸਰੋ ਤੇ ਉਸ ਦੀਆਂ ਪਹੇਲੀਆਂ ਦਾ ਅਨੁਵਾਦ(ਜੀਵਨ ਅਤੇ ਬੁਝਾਰਤਾਂ), ,ਪ੍ਰੋ.ਜਗਜੀਤ ਸਿੰਘ ਵੱਲੋਂ ਜ਼ਿੰਦਗੀ ਸਮਝੋਂ ਬਾਹਰ(ਕਾਵਿ ਸੰਗ੍ਰਹਿ),ਬਿੰਨੀ ਬਰਨਾਲਵੀ ਵੱਲੋਂ ਬੇਗਾਨੀ ਚੱਕੀ,ਪੁਨੀਤ ਸਿੰਘ ਵੱਲੋਂ ਅਹਿਸਾਸਾਂ ਦੀ ਨਗਰ,ਮਨਦੀਪ ਕੌਰ ਖਹਿਰਾ ਵੱਲੋਂ ਅਹਿਸਾਸ ਦੀ ਖ਼ੁਸ਼ਬੂ ਅਤੇ ਬਰਜਿੰਦਰ ਸਿੰਘ ਵਾਲੀਆ ਵੱਲੋਂ ਤਲਾਸ਼ ਪਾਠਕਾਂ ਦੀ ਝੋਲੀ ਪਾਈਆਂ ਗਈਆਂ।


# ਵਿਸ਼ਾਲ ਗੋਸ਼ਟੀ ਅਤੇ ਪੁਸਤਕਾਂ ਲੋਕ ਅਰਪਣ ਸਮਾਗਮ 4 ਜਨਵਰੀ ਨੂੰ

**ਸੰਗਰੂਰ, (ਰਮੇਸ਼ਵਰ ਸਿੰਘ )** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 4 ਜਨਵਰੀ ਦਿਨ ਐਤਵਾਰ ਨੂੰ 10:00 ਵਜੇ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਉੱਘੀ ਕਵਿੱਤਰੀ ਜਗਜੀਤ ਕੌਰ ਢਿੱਲਵਾਂ ਦੇ ਗ਼ਜ਼ਲ-ਸੰਗ੍ਰਹਿ 'ਵੰਝਲੀ ਦੀ ਤਾਨ' ਉੱਪਰ ਗੋਸ਼ਟੀ ਹੋਵੇਗੀ ਅਤੇ ਬਾਲ ਗ਼ਜ਼ਲਕਾਰ ਜਗਜੀਤ ਸਿੰਘ ਲੱਡਾ ਦੇ ਦੋ ਬਾਲ ਗ਼ਜ਼ਲ-ਸੰਗ੍ਰਹਿ 'ਸਬਜ਼ੀ ਭਾਜੀ' ਅਤੇ 'ਫ਼ਸਲਬਾੜੀ' ਲੋਕ ਅਰਪਣ ਕੀਤੇ ਜਾਣਗੇ। ਸਮਾਗਮ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਦੇ ਸਿਰਮੌਰ ਹਸਤਾਖ਼ਰ ਡਾ. ਗੁਰਚਰਨ ਕੌਰ ਕੋਚਰ ਕਰਨਗੇ ਅਤੇ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਚੇਅਰਮੈਨ ਪੰਜਾਬ ਇਨਫੋਟੈਕ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਪੁਸਤਕ ਸਬੰਧੀ ਪਰਚਾ ਡਾ. ਮਨਜੀਤ ਸਿੰਘ ਯੂਨੀਵਰਸਿਟੀ ਕਾਲਜ ਢਿੱਲਵਾਂ ਪੜ੍ਹਨਗੇ ਅਤੇ ਵਿਚਾਰ ਚਰਚਾ ਵਿੱਚ ਡਾ. ਮੀਤ ਖਟੜਾ, ਡਾ. ਅਰਵਿੰਦਰ ਕੌਰ ਕਾਕੜਾ ਅਤੇ ਸ੍ਰੀ ਤੇਜਿੰਦਰ ਮਾਰਕੰਡਾ ਹਿੱਸਾ ਲੈਣਗੇ। ਇਸ ਮੌਕੇ ਬਸੰਤ ਰੁੱਤ ਨੂੰ ਸਮਰਪਿਤ ਕਵੀ ਦਰਬਾਰ ਵੀ ਹੋਵੇਗਾ। ਨਵੇਂ ਸਾਲ ਨੂੰ ਮੁੱਖ ਰੱਖਦੇ ਹੋਏ ਖੁੱਲ੍ਹਾ ਕਵੀ ਦਰਬਾਰ ਹੋਵੇਗਾ। ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਜੀ ਨੇ ਖ਼ਾਸ ਬੇਨਤੀ ਕੀਤੀ ਹੈ ਕਿ ਠੰਡ ਦਾ ਮੌਸਮ ਹੈ ਆਪਣੇ ਆਪਣੇ ਸਹੀ ਤਰੀਕੇ ਨਾਲ ਸਮੇਂ ਤੇ ਆ ਕੇ ਆਪਣੇ ਪ੍ਰੋਗਰਾਮ ਵਿੱਚ ਹਾਜਰੀ ਲਵਾਓ।












# ਤੂੰ ਅਗਲਾ ਵਰਕਾ ਫੋਲ

ਡਾਕਟਰ ਸਾਹਿਬ ਸਿੰਘ ਦੁਆਰਾ ਨਿਰਦੇਸ਼ਿਤ ਨਾਟਕ 'ਤੂੰ ਅਗਲਾ ਵਰਕਾ ਫੋਲ' ਇੱਕ ਵੰਨਮੈਨ ਆਰਮੀ ਵਾਂਗੂ ਵੰਨਮੈਨ ਸ਼ੋਅ ਹੀ ਹੈ। ਮੈਂ ਡਾਕਟਰ ਸਾਹਿਬ ਦੇ ਪਹਿਲੇ ਦੋ ਨਾਟਕ 'ਧਨੁ ਲਿਖਾਰੀ ਨਾਨਕਾ' ਅਤੇ 'ਸੰਮਾਂਵਾਲੀ ਡਾਂਗ' ਵੀ ਵੇਖੇ ਹਨ। ਅੱਜ ਦਾ ਨਾਟਕ ਚਾਰ ਰੋਜ਼ਾ ਪੀਪਲਜ਼ ਲਿਟਰੇਰੀ ਫੈਸਟੀਵਲ ਦੀ ਆਖਰੀ ਪੇਸ਼ਕਾਰੀ ਸੀ। ਮੈਂ ਪਹਿਲਾਂ ਵੀ ਡਾਕਟਰ ਸਾਹਿਬ ਸਿੰਘ ਜੀ ਨੂੰ ਨਿੱਜੀ ਰੂਪ ਵਿੱਚ ਮਿਲਿਆ ਹੋਇਆ ਹਾਂ ਅਤੇ ਉਹਨਾਂ ਦੀ ਅਦਾਕਾਰੀ ਦਾ ਮੁਰੀਦ ਹਾਂ। ਡਾਕਟਰ ਸਾਹਿਬ ਨੇ ਪਹਿਲਾਂ ਹੀ ਦੱਸਿਆ ਸੀ ਕਿ ਇਹ ਇੱਕ ਘੰਟਾ ਚਾਲੀ ਮਿੰਟ ਦਾ ਨਾਟਕ ਹੈ ਤੇ ਓਹੋ ਗੱਲ ਹੋਈ ਦਿੱਤੇ ਸਮੇਂ ਵਿੱਚ ਹੀ ਨਾਟਕ ਅੱਠ ਦਹਾਕਿਆਂ ਦੇ ਇਤਿਹਾਸ ਨੂੰ ਪੇਸ਼ ਕਰ ਗਿਆ। ਚਾਰ ਕਹਾਣੀਆਂ ਨੂੰ ਜੋੜਦੇ ਨਾਟਕ ਵਿੱਚ ਅਦਾਕਾਰ ਪਹਿਲਾਂ ਸੰਤਾਲੀ ਦੀ ਵੰਡ ਦੇ ਦਰਦ ਨੂੰ ਬਸ਼ੀਰਾ ਬਣਕੇ ਹੰਢਾਉਂਦਾ ਹੈ। ਓਹੀ ਪਾਕਿਸਤਾਨੀ ਬੋਲੀ, ਓਹੀ ਹੱਦੋਂ ਪਾਰ ਵਾਲਾ ਅੰਦਾਜ਼। ਬਸ਼ੀਰਾ ਆਪਣੇ ਰੋਲ ਨਾਲ ਪੂਰਾ ਨਿਆਂ ਕਰਦਾ ਹੈ। ਇਹ ਪਹਿਲਾ ਕਲਾਕਾਰ ਹੈ ਜਿਹੜਾ ਸਟੇਜ ਤੇ ਹੀ ਕਪੜੇ ਬਦਲਕੇ ਬਸ਼ੀਰਾ ਤੋਂ ਬਾਦ ਅਰਜਨ ਸਿੰਘ ਸੰਧੂ ਉਰਫ 'ਅਰਜਨ ਵੈਲੀ' ਦਾ ਰੋਲ ਕਰਦਾ ਹੈ। ਇੱਥੇ ਉਹ ਕਪੜੇ ਹੀ ਨਹੀਂ ਬਦਲਦਾ ਸਗੋਂ ਆਪਣਾ ਕਿਰਦਾਰ ਵੀ ਬਦਲਦਾ ਹੈ ਤੇ ਨਵੀਂ ਰੂਹ ਨਾਲ ਪੇਸ਼ ਹੁੰਦਾ ਹੈ। ਸੰਤਾਲੀ ਦੇ ਜਖਮ ਅਜੇ ਭਰਨੇ ਸ਼ੁਰੂ ਹੁੰਦੇ ਹਨ ਕਿ ਮੁਸਲਿਮ ਔਰਤ ਤੋਂ ਬਚਨ ਕੁਰ ਬਣੀ ਅਰਜਨ ਦੀ ਪਤਨੀ ਨੂੰ ਚੁਰਾਸੀ ਆਕੇ ਘੇਰ ਲੈਂਦੀ ਹੈ। ਓਹੀ ਵੱਢ ਟੁੱਕ ਦਾ ਸ਼ਿਕਾਰ। ਹੁਣ ਝਗੜਾ ਹਿੰਦੂ ਮੁਸਲਿਮ ਦਾ ਨਹੀਂ ਹਿੰਦੂ ਸਿੱਖ ਦਾ ਰੂਪ ਲੈਂਦਾ ਹੈ। ਉਹ ਅਰਜਨ ਵੈਲੀ ਦੇ ਮੁੰਡੇ ਸੰਜੂ ਸ਼ਰਮਾ ਨੂੰ ਲੈਕੇ ਬੰਬੇ ਚਲੀ ਜਾਂਦੀ ਹੈ। ਸਟੇਜ ਤੇ ਹੀ ਕਪੜੇ ਬਦਲਕੇ ਅਰਜਨ ਵੈਲੀ ਤੋਂ ਉਹ ਸੰਜੂ ਸ਼ਰਮਾ ਬਣ ਸ਼ਾਹਮਣੇ ਆਉਂਦਾ ਹੈ। ਇਸ ਹਿੰਦੂ ਸਿੱਖ ਮੁਸਲਿਮ ਦੇ ਸੁਮੇਲ ਨਾਲ ਬਣੇ ਪਰਿਵਾਰ ਨੂੰ ਮੁੰਬਈ ਦੇ ਦਹਿਸ਼ਤੀ ਹਮਲੇ ਦਾ ਫਿਰ ਸੇਕ ਲਗਦਾ ਹੈ ਤੇ ਚੌਥੀ ਪੀੜ੍ਹੀ ਸੰਸਾਰ ਦੇ ਵਿਕਸਤ ਦੇਸ਼ ਅਮਰੀਕਾ ਦੀ ਸ਼ਰਨ ਲੈਂਦੀ ਹੈ। ਪ੍ਰੰਤੂ ਉਹਨਾਂ ਨੂੰ ਉਥੇ ਵੀ ਟਿਕਾ ਨਹੀਂ ਆਉਂਦਾ। ਡਾਕਟਰ ਸਾਹਿਬ ਸੰਜੂ ਦੇ ਕਿਰਦਾਰ ਵਿੱਚ ਕਹਿੰਦਾ ਹੈ ਕਿ "ਨਥਿੰਗ ਇਜ ਨੋਰਮਲ। ਵੀ ਲਿਵ ਇਨ ਅਬਨੋਰਮਲ ਸੁਸਾਇਟੀ।" ਇੱਕ ਹੱਥ ਵਿੱਚ ਗੰਡਾਸੀ ਅਤੇ ਦੂਜੇ ਹੱਥ ਵਿੱਚ ਪੰਜੇਬਾਂ ਫੜ੍ਹਕੇ ਪੰਜੇਬਾਂ ਦੀ ਤਾਰੀਫ ਕਰਨ ਵਾਲੇ ਅਰਜਨ ਵੈਲੀ ਨੂੰ ਜਦੋਂ ਗੰਡਾਸੀ ਦੇ ਛੂਹਣ ਨਾਲ ਪੰਜੇਬਾਂ ਦੇ ਛਣਕਣ ਦੀ ਆਵਾਜ਼ ਆਉਂਦੀ ਹੈ ਤਾਂ ਉਸਦੇ ਡਾਇਲੋਗ ਤੇ ਖੂਬ ਤਾੜੀਆਂ ਵੱਜਦੀਆਂ ਹਨ। ਉਹ ਇਹ ਵੀ ਕਹਿੰਦਾ ਹੈ ਕਿ "ਅਸੀਂ ਬੰਦੇ ਨਹੀਂ ਬਣ ਸਕੇ ਡੰਗਰ ਹੀ ਰਹੇ। ਜੇ ਅਸੀਂ ਬੰਦੇ ਦਾ ਸਨਮਾਨ ਕਰਦੇ ਤੇ ਬੰਦੇ ਬਣ ਜਾਂਦੇ ਤਾਂ ਇਹ ਕੰਮ ਨਾ ਕਰਦੇ।" ਡਾਕਟਰ ਸਾਹਿਬ ਸਿੰਘ ਦਾ ਹਰ ਡਾਇਲੋਗ ਦਰਸ਼ਕਾਂ ਨੂੰ ਕੀਲਦਾ ਨਜ਼ਰ ਆਉਂਦਾ ਹੈ। ਹਾਲ ਫੁੱਲ ਹੀ ਨਹੀਂ ਸੀ ਸਗੋਂ ਓਵਰ ਫੁੱਲ ਸੀ। ਦਰਸ਼ਕਾਂ ਦੇ ਪ੍ਰੇਮ ਅਤੇ ਦਿਲਚਸਪੀ ਦੀ ਵੀ ਦਾਦ ਦੇਣੀ ਬਣਦੀ ਹੈ। ਨਾਟਕ ਦੇ ਅੰਤ ਵਿੱਚ ਦਰਸ਼ਕਾਂ ਨੇ ਖੜੇ ਹੋਕੇ ਡਾਕਟਰ ਸਾਹਿਬ ਨੂੰ ਆਪਣੇ ਸਨਮਾਨ ਦਾ ਪ੍ਰਗਟਾਵਾ ਕੀਤਾ। ਨਾਟਕ ਬੇਹਤਰ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਪ੍ਰੰਤੂ ਇਸਦੀ ਪੇਸ਼ਕਾਰੀ ਵੀ ਆਹਲਾ ਦਰਜੇ ਦੀ ਹੈ। ਸ਼ਤ ਪ੍ਰਤੀਸ਼ਤ ਤੋਂ ਵੱਧ ਨੰਬਰ ਦੇਣ ਦਾ ਜੇ ਚਲਣ ਹੁੰਦਾ ਤਾਂ ਹਰ ਕਿਸੇ ਨੇ ਇਸਨੂੰ ਤਿੰਨ ਅੰਕਾਂ ਵਿੱਚ ਨੰਬਰ ਦੇਣੇ ਸਨ।





**ਰਮੇਸ਼ ਸੇਠੀ ਬਾਦਲ**
**9876627233**



Dear Sir/Madam

The Management, Staff and Students of

**BODHISATVA DR. BABASAHEB AMBEDKAR PUBLIC SCHOOL, CHIMUR, Dt. Chandrapur (M.S.)**

Cordially invite you for the

# ANNUAL DAY CELEBRATION

on

Thursday, 1st January, 2026

at 11.30 am

**PRESIDENT**

Ayu. Prakash Wankhede,

President Bodhisatva Dr. Babasaheb Ambedkar Public School Chimur

**CHIEF GUEST**

Dr. Santosh Thite

Add. Collector, Chimur

Mr. Shridhar Rajmane Sir

Tahsildar, Tahsil office Chimur

Mrs. Archana Wanjari,

CEO, Nagar Parishad, Chimur

Mr. Dinesh Labade

Police Inspector, Police Station, Chimur

Mr. Vishal Bodhane

BEO, P. S. Chimur

Principal

Mr. Siddharth Jilte

BBAPS, Chimur

# ਸਿੱਖੀ ਮਹੁੱਬਤ ਤੋਂ ਮਿੱਠੀ.. ਤੇ ਖੰਡਿਓਂ ਤਿੱਖੀ

ਖ਼ਾਲਸਾਈ ਬਾਣੇ 'ਚ ਵਿਚਰਨ ਵਾਲੇ ਬੜੇ ਹੀ ਨੌਜਵਾਨ ਮੇਰੇ ਸੰਪਰਕ ਵਿਚ ਹਨ। ਮੈਂ ਉਨ੍ਹਾਂ ਨੂੰ ਹਮੇਸ਼ਾ ਪੜ੍ਹਾਈ ਜਾਰੀ ਰੱਖਣ ਦੀ ਗੱਲ ਆਖਦਾ ਹਾਂ.. ਜੋ ਸਕੂਲ ਨਹੀਂ ਜਾ ਰਹੇ, ਉਨ੍ਹਾਂ ਨੂੰ ਪੜ੍ਹਨ ਲਈ ਬੇਨਤੀ ਕਰਦਾ ਹਾਂ..।ਕੁਝ ਵੀਰਾਂ ਨੇ (ਜੋ ਛੋਟੀ ਉਮਰ ਦੇ ਸਨ) ਪੜ੍ਹਨਾ ਸ਼ੁਰੂ ਵੀ ਕੀਤਾ..। ਸਾਡੇ ਪੱਲੇ ਆਪਣੇ ਇਤਿਹਾਸ, ਆਪਣੀ ਧਰਤੀ, ਆਪਣੇ ਸੱਭਿਆਚਾਰ ਤੇ ਰਾਜਨੀਤਕ ਸੋਝੀ ਦਾ ਹੋਣਾ ਬਹੁਤ ਜਰੂਰੀ ਹੈ... ਇਹ ਤਦ ਸੰਭਵ ਹੋ ਸਕਦਾ ਜੇ ਅਸੀਂ ਦੁਨਿਆਵੀ ਵਿੱਦਿਆ ਵੀ ਗ੍ਰਹਿਣ ਕੀਤੀ ਹੋਵੇਗੀ। ਸਿੱਖੀ ਵੀ ਫਿਰ ਹੀ ਪੜ੍ਹੀ ਜਾਵੇਗੀ। ਸਿੱਖੀ ਨੂੰ ਪੜ੍ਹਨ ਵਾਲੇ ਸਿਰ ਪਾੜ ਦੇ ਨਹੀਂ, ਸਿਰ ਜੋੜਦੇ ਹੁੰਦੇ ਆ। ਸਿੱਖੀ 'ਚ ਪ੍ਰਨਾਏ ਲੋਕ.. ਲੋਕਾਂ ਨੂੰ ਪਰਾਂ ਨਹੀਂ ਕਰਦੇ, ਪ੍ਰੇਰਦੇ ਹੁੰਦੇ ਆ... ਪਿਆਰਦੇ ਹੁੰਦੇ ਆ....!!!!

ਸਿੱਖੀ ਮੁਹੱਬਤ ਤੋਂ ਵੀ ਮਿੱਠੀ ਹੈ.. ਮਿੱਠੀ ਉਹਦੇ ਲਈ ਜੀਹਨੇ ਪੜ੍ਹ ਲਈ..! ਸਿੱਖੀ ਦੇ ਮੋਹ 'ਚ ਗੁੰਨ੍ਹੇ ਗਾਲ੍ਹਾਂ ਨਹੀਂ ਕੱਢਦੇ.. ਸਿੱਖੀ ਦੀਆਂ ਗੱਲਾਂ ਕਰਦੇ ਆ...। ਸਿੱਖੀ ਦੀ ਗੱਲ ਬਹੁਤ ਮਹਾਨ ਤੇ ਮਹੱਤਵਪੂਰਨ ਹੈ।

ਸਿੱਖੀ ਦਾ ਅੰਬਰ ਵਿਸ਼ਾਲ ਤੇ ਕਮਾਲ ਹੈ... ਇਸ ਅੰਬਰ 'ਤੇ ਵੰਨ ਸੁਵੰਨੇ ਤਾਰੇ ਟਿਮਟਿਮਾਉਂਦੇ ਹਨ। ਸਿੱਖੀ ਪੱਗ ਦੇ ਆਸਰਾ ਨਾਲ ਹੋਰ ਚਮਕਣਾ ਤੇ ਫੈਲਣਾ ਚਾਹੁੰਦੀ ਹੈ... ਸਿੱਖੀ ਪੱਗ ਦੇ ਰੋਅਬ ਨੂੰ ਨਿਖਾਰਨਾ ਚਾਹੁੰਦੀ ਹੈ.. ਜ਼ੁਲਮ ਤੇ ਅਨਿਆਂ ਦੇ ਖਿਲਾਫ਼ ਉੱਠਿਆ ਰੋਅਬ ਕਸ਼ਮੀਰੀ ਪੰਡਿਤਾਂ ਨੂੰ ਜੀਣ ਜੋਗੇ ਕਰਦਾ ਹੈ। ਸਿੱਖੀ ਤੋੜਦੀ ਨਹੀਂ.. ਜੋੜਦੀ ਹੈ..!!!

ਪਿਛਲੇ ਦਿਨੀਂ ਕੁਝ ਵੀਰ ਸੰਗਤ ਦੇ ਸਿਰਾਂ ਤੋਂ ਟੋਪੀਆਂ ਉਤਾਰ ਕੇ ਸਿੱਖੀ ਦੇ ਸਿਰ ਚੜ੍ਹੇ ਹੋਏ ਸਨ। ਸਿੱਖੀ ਦੇ ਸਿਰ ਨਾ ਚੜੋ.. ਸਿੱਖੀ ਦੀ ਗੋਦ 'ਚ ਬੈਠੋ..!! ਸਿੱਖੀ ਦੀ ਕਿਤਾਬ ਦੇ ਵਰਕਿਆਂ ਨੂੰ ਪਾੜੋ ਨਾ.. ਪੜ੍ਹਨ ਦੀ ਆਦਤ ਪਾਓ..। ਜਦੋਂ ਪੜੋਂਗੇ... ਫਿਰ ਵਿਚਾਰੋਂਗੇ। ਜਦੋਂ ਵਿਚਾਰਨਾ ਆ ਜਾਂਦਾ.. ਫਿਰ ਸਿੱਖੀ ਦੀ ਗੋਦ ਦਾ ਨਿੱਘ ਨਵੀਆਂ ਰਾਹਾਂ 'ਤੇ ਤੁਰਨ ਦੀ ਸੋਝੀ ਵੀ ਦੇ ਦਿੰਦਾ। ਸਿੱਖੀ ਦੀਆਂ ਕਲਾਸਾਂ ਲਗਾਉਣ ਦੀ ਦਲੇਰੀ ਕਰੋ... ਸਿਰਾਂ ਤੋਂ ਟੋਪੀਆਂ ਲਾਹੁਣ ਦੀ ਗਲਤੀ ਨਾ ਕਰੋ...। ਸਿੱਖੀ ਸਿਆਣਿਆਂ ਨਾਲ ਤੇਹ ਰੱਖਦੀ ਹੈ.. ਕਮਲਿਆਂ ਤੋਂ ਕਿਨਾਰੇ ਕਰਦੀ ਹੈ। ਸਿਆਣੇ ਬਣੋ!!

**ਭਲੂਰ ਤੋਂ ਬੇਅੰਤ ਗੱਲ (99143-81958**






# ਜਾਣੀ ਜਾਣ ਬਾਬੇ

ਨੀ ਭੈਣ ਸਾਡੇ ਬਾਬਾ ਜੀ ਪਹੁੰਚੇ ਹੋਏ ਈ ਨਹੀਂ ਜਾਣੀ ਜਾਣ ਵੀ ਨੇ , ਹੱਛਿਆ ਨੀ ਮੈਂ ਤਾਂ ਵਾਰੀ ਜਾਵਾਂ ਇਹੋ ਜਿਹੇ ਫ਼ਕਰਾਂ ਦੇ ਦਿਲਾਂ ਦੀਆਂ ਰਮਜ਼ਾਂ ਪਛਾਣਦੇ ਨੇ ਬਿਨਾ ਦੱਸਿਆ। ਨੀ ਮੈਨੂੰ ਵੀ ਕੇਰਾਂ ਦਰਸ਼ਨ ਕਰਵਾ ਦੇ ਧਰਮ ਨਾਲ ਸੱਚੇ ਸੰਤਾਂ ਦੇ ਦਰਸ਼ਨ ਕੀਤਿਆਂ ਚੌਗਣਾ ਸਮਾਂ ਹੋ ਗਿਆ। ਲਓ ਜੀ ਹੁਣ ਲੈ ਕੇ ਚਲਦੇ ਹਾਂ ਤੁਹਾਨੂੰ ਬਾਬਾ ਚੌਧਰ ਸ਼ਾਹ ਦੇ ਦਰਬਾਰ ਤੇ। ਹੁਣ ਇਹ ਦਰਬਾਰ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ ਰਿਹਾ ਇਹ ਦਰਬਾਰ ਜਿਥੇ ਅਨਪੜ੍ਹ ਬੇਰੁਜ਼ਗਾਰ ਮਜ਼ਦੂਰ ਲੋਕਾਂ ਦੀ ਆਸਥਾ ਦਾ ਕੇਂਦਰ ਹੈ ਉਥੇ ਵੱਡੀ ਵੋਟ ਬੈਂਕ ਦੀ ਭੂਮਿਕਾ ਵੀ ਅਦਾ ਕਰਦਾ ਹੈ ਹੁਣ ਤਾਂ ਸੁੱਖ ਨਾਲ ਦਰਬਾਰ ਤੇ ਦੇਸ਼ ਤੋਂ ਹੀ ਨਹੀਂ ਵਿਦੇਸ਼ ਤੋਂ ਵੀ ਆਈਆਂ ਸੰਗਤਾਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਤੁਹਾਨੂੰ ਪਤਾ ਇਸ ਦੀ ਸ਼ੁਰੂਆਤ ਕਿਵੇਂ ਹੋਈ?



ਕੀ ਕਿਹਾ ਨਹੀਂ , ਚਲੋ ਅੱਜ ਇਸ ਤੋਂ ਵੀ ਪਰਦਾ ਚੁੱਕ ਦਿੰਦੇ ਹਾਂ ਇਕ ਮਸ਼ਹੂਰ ਗੀਤ ਦੇ ਬੋਲ ਚੇਤੇ ਆ ਗਏ ਖਬਰੇ ਇਹ ਕਿਸੇ ਫ਼ਿਲਮ ਦੀ ਕਵਾਲੀ ਹੈ ਬੋਲ ਇਉਂ ਹਨ ,ਪਰਦਾ ਹੈ ਪਰਦਾ ਪਰਦੇ ਕੇ ਪੀਛੇ। ਉਹੀ ਦੱਸਣ ਲੱਗਿਆਂ ਦਿਲ ਥਾਮ ਕੇ ਬੈਠੋ ਤੇ ਸੁਣੋ ਮੇਰਾ ਇਕ ਬਹੁਤ ਪਿਆਰਾ ਤੇ ਜਿਗਰੀ ਦੋਸਤ ਮੋਬਾਈਲ ਰਿਪੇਅਰਿੰਗ ਦਾ ਕੰਮ ਸਿੱਖ ਗਿਆ ਕੰਮ ਰਾਸ ਨਾ ਆਇਆ ਇਸ ਤੋਂ ਬਾਅਦ ਕੰਪਿਊਟਰ ਇੰਜਨੀਅਰਰਿੰਗ ਦਾ ਕੋਰਸ ਵੀ ਪੂਰਾ ਕਰ ਲਿਆ। ਬੜੇ ਪਾਪੜ ਵੇਲੇ ਕੰਮ ਵਿਚ ਖਾਸ ਦਿਲ ਨਾ ਲੱਗਿਆ ਹੈ ਮੁੰਡਾ ਨਿਰਾ ਗੁਣਾਂ ਦੀ ਗੁਥਲੀ ਕੁਝ ਵਰ੍ਹੇ ਪਹਿਲਾਂ ਅਚਾਨਕ ਗਾਇਬ ਹੋ ਗਿਆ, ਪਤਾ ਲੱਗਿਆ ਦੂਰ ਕਿਤੇ ਕੰਪਨੀ ਵਿਚ ਜੌਬ ਕਰਨ ਲਗ ਪਿਆ ਸੀ। ਅਚਾਨਕ ਇਕ ਦਿਨ ਇਕ ਵੱਡੇ ਮੈਗਜ਼ੀਨ ਵਿੱਚ ਵੱਡੀ ਸਾਰੀ ਫੋਟੋ ਦੇਖੀ ਤਾ ਅੱਖਾਂ ਅੱਡੀਆਂ ਰਹਿ ਗਈਆਂ ਹੈ ਇਹ ਕੀ ਬਾਬਾ ਚੌਧਰ ਸ਼ਾਹ ਇਹ ਦਰਬਾਰ ਦਾ ਮੁਖੀ ਕੁਝ ਜਾਣਿਆਂ ਪਛਾਣਿਆਂ ਲੱਗਿਆ ਯਾਦ ਆਇਆ ਇਹ ਤਾਂ ਆਪਣਾ ਉਹ ਹਾਂ ਖੈਰ ਆਪਾ ਕੀ ਲੈਣਾ, ਨਾ ਲੈਣਾ ਕਿਓਂ ਨਹੀਂ ਸਾਡਾ ਆੜੀ ਆ ਬਚਪਨ ਦਾ ਯਾਰ ਮਿਲਣਾ ਚਾਹੀਦਾ। ਇਕ ਰਾਤ ਸਬੱਬ ਬਣ ਗਿਆ ਵਰਿਆਂ ਬਾਅਦ ਯਾਰ ਦੇ ਦਿਦਾਰ ਕਰਕੇ ਬੜਾ ਸਕੂਨ ਮਿਲਿਆ ਕਿਆ ਡੇਰਾ ਯਾਰ ਕਿਆ ਲਗਜ਼ਰੀ ਗੱਡੀਆਂ, ਕਿਆ ਠਾਠ ਬਾਠ , ਨੌਕਰ ਚਾਕਰ, ਚੜਾਵਾ ਤੇ ਚੜਾਈ ਸਿਥੇ ਫੋਨ ਸਰਕਾਰੇ ਦਰਬਾਰੇ ਖੜਕਦੇ ਯਾਰ ਫੈਨ ਹੋ ਗਏ ਧਰਮ ਨਾਲ ਸਾਨੂੰ ਯਾਰ ਦੇ ਦਿਦਾਰ ਵਿਚੋਂ ਰੱਬ ਮਿਲਿਆ। ਧਰਮ ਨਾਲ ਬੜੀ ਆਓ ਭਗਤ ਕੀਤੀ ਯਾਰ ਨੇ ਖੈਰ ਦੂਸਰੇ ਦਿਨ ਦਿਨ ਚੜਦਿਆਂ ਦਰਬਾਰ ਵਿੱਚ ਸੰਗਤਾਂ ਦਾ ਤਾਂਤਾ ਲੱਗ ਗਿਆ। ਬਾਹਰ ਤੋਂ ਅਵਾਜ਼ ਪੈਂਦੀ ਸੱਜਣ ਸਿੰਘ ਕੌਣ ਹੈ ਬਈ, ਸੱਜਣ ਸਿੰਘ ਜਲਾਲਾਬਾਦੀ। ਸੰਗਤ ਵਿਚੋਂ ਇਕ ਬਜ਼ੁਰਗ ਉਠਿਆ ਮੈਂ ਹਾਂ ਜੀ ,ਚੱਲ ਮਹਾਂਪੁਰਖ ਯਾਦ ਕਰਦੇ ਹਨ। ਸੱਜਣ ਸਿੰਘ ਅੰਦਰ ਆਇਆ ਤੇ ਬਾਬਾ ਜੀ ਨੇ ਬਚਨਾਂ ਦੀ ਝੜੀ ਲਾ ਦਿੱਤੀ, ਪਹਿਲੀ ਵਾਰ ਆਇਆ ਜੀ ਬਾਬਾ ਜੀ, ਪਹਿਲੀ ਘਰ ਵਾਲੀ ਨਹੀਂ ਰਹੀ , ਜੀ ਬਾਬਾ ਜੀ , ਵੀਹ ਕਿਲੇ ਪੈਲੀ ਆ , ਜੀ ਬਾਬਾ ਜੀ, ਬੱਚੇ ਵਿਦੇਸ਼ ਹਨ , ਜੀ ਬਾਬਾ ਜੀ , ਦੂਜੇ ਵਿਆਹ ਦੀ ਦੁਚਿਤੀ ਵਿਚ ਹੈ, ਜੀ ਬਾਬਾ ਜੀ , ਹੋ ਜਾਏਗਾ ਵਿਆਹ ਸਭ ਕੰਮ ਆਪਣੇ ਆਪ ਹੋਣਗੇ ਉਹ ਜਾਣੀ ਜਾਣ ਹੈ ਬੋਲ ਜੈ ਸੰਤਾਂ ਦੀ , ਜੈ ਸੰਤਾਂ ਦੀ । ਕਮਾਲ ਸੀ ਇਕ ਤੋਂ ਬਾਅਦ ਇਕ ਬਾਬਾ ਜੀ ਕੋਲ ਆ ਰਿਹਾ ਸੀ ਮਹਾਂਪੁਰਖ ਸਭ ਦੀਆਂ ਰਮਜ਼ਾਂ ਪਛਾਣਦੇ ਤੇ ਲੋਕ ਚੜਾਵਾ ਦਿੰਦੇ ਤੇ ਜੈ ਜੈ ਕਾਰ ਕਰਦੇ ਮੈਂ ਹੈਰਾਨ ਸੀ ਕਿਤੇ ਟਪਲਾ ਨਹੀਂ ਕੋਈ ਗਲਤੀ ਨਹੀਂ ਸਾਡੇ ਯਾਰ ਦੀਆਂ ਰਮਜ਼ਾਂ ਤਾਂ ਸੱਚਮੁੱਚ ਉਸ ਮਾਲਕ ਨਾਲ ਜੁੜ ਗਈਆ ਇਹ ਚਮਤਕਾਰ ਨਹੀਂ ਤਾਂ ਹੋਰ ਕੀ। ਕੁਝ ਦਿਨ ਡੇਰੇ ਰਹਿਣ ਦਾ ਸਬੱਬ ਬਣਿਆ ਤਾਂ ਹੋਲੀ ਹੋਲੀ ਪਰਤਾਂ ਖੁੱਲਣੀਆਂ ਸ਼ੁਰੂ ਹੋ ਗਈਆ। ਹੁਣ ਖੁਲ ਕੇ ਵਿਚਾਰ ਚਰਚਾ ਹੁੰਦੀ ਅੰਦਰ ਬਾਹਰ ਵਾਲੇ ਚੇਲੇ ਸਾਰੇ ਜਾਨਣ ਲਗ ਪਏ ਸਨ ਹੁਣ ਪਤਾ ਲੱਗਿਆ ਕਿ ਨੈਟਵਰਕ ਕਿਨੀ ਕੁਤੀ ਚੀਜ਼ ਹੈ। ਬਾਬਾ ਜੀ ਨੂੰ ਇਕ ਇਕ ਗੱਲ ਫੋਨ ਜ਼ਰੀਏ ਪਹਿਲਾਂ ਹੀ ਦੱਸ ਦਿੱਤੀ ਜਾਂਦੀ ਸੀ ਇਕ ਇਕ ਬੰਦੇ ਦਾ ਡਾਟਾ ਲੈਪਟੌਪ ਵਿਚ ਚਾੜ ਦਿੱਤਾ ਜਾਂਦਾ ਹਫਤੇ ਬਾਅਦ ਸੰਗਤਾਂ ਵਿਚੋਂ ਉਸ ਨੂੰ ਹੀ ਅਵਾਜ਼ ਪੈਂਦੀ ਜਿਸ ਦੀ ਨਬਜ਼ ਬਾਬਾ ਜੀ ਪਛਾਣ ਜਾਂਦੇ। ਸਭ ਖੁਸ਼ ਬਾਬਾ ਖੁਸ਼ ਚੇਲਾ ਖੁਸ਼ ਭਗਤ ਖੁਸ਼ ਮੈਂ ਵਾਪਸ ਆਉਣ ਲੱਗਿਆ ਤਾਂ ਯਾਰਾਂ ਦਾ ਯਾਰ ਬੋਲਿਆ ਕੀ ਕਰਦਾ ਅਜਕਲ ਮੇਰਾ ਜਵਾਬ ਸੀ ਉਹੀ ਮਿਹਨਤ ਮਜ਼ਦੂਰੀ। ਕੁਝ ਸਮਾਂ ਮੇਰੇ ਨਾਲ ਹੋਰ ਲਾ ਲੈ ਅਹਿਮਦਾਬਾਦ ਵਿਚ ਇਕ ਡੇਰਾ ਖੋਲ੍ਹਣ ਦਾ ਵਿਚਾਰ ਹੈ ਨਾਲੇ ਤੂੰ ਭਰੋਸੇ ਵਾਲਾ ਹੈ ਤੇ ਨਾਲੇ ਹੁਣ ਤੂੰ ਜਾਣੀ ਜਾਣ ਹੋ ਗਿਆ , ਮੈਂ ਹੈਰਾਨ ਹੋ ਕੇ ਪੁੱਛਿਆ ਮੈਂ, ਬਾਬੇ ਦਾ ਜਵਾਬ ਸੀ ਹਾਂ ਤੂੰ ਤੇ ਬਾਬੇ ਦੀ ਗੱਲ ਸੁਣ ਕੇ ਸਾਰੇ ਖਿੜਖਿੜਾ ਕੇ ਹੱਸ ਪਏ।



**ਵਿਅੰਗਕਾਰ -ਪੱਤਰਕਾਰ ਹਰਜਿੰਦਰ ਸਿੰਘ ਚੰਦੀ**

**ਮਹਿਤਪੁਰ 9814601638**

# ਅਜ਼ਾਦੀ ਦਾ ਆਸ਼ਕ : ਸ਼ਹੀਦ ਊਧਮ ਸਿੰਘ ਉਰਫ ਮੁਹੰਮਦ ਸਿੰਘ ਆਜ਼ਾਦ




ਦੇਸ਼ ਵਿਦੇਸ਼ ਵਿੱਚ ਜਿਥੇ ਜਿਥੇ ਵੀ ਦੇਸ਼ ਪ੍ਰੇਮੀ ਵਸਦੇ ਹਨ ਉਨ੍ਹਾਂ ਵੱਲੋਂ ਭਾਰਤ ਦੇ ਮਹਾਨ ਸਪੂਤ ਸ੍ਰ ਊਧਮ ਸਿੰਘ ਦਾ ਜਨਮ ਦਿਹਾੜਾ ਬੜੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਸੂਰਮੇ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮ ਕੀਤੇ ਜਾ ਰਹੇ ਹਨ ਗੱਲ ਕਰੀਏ ਸ਼ਹੀਦ ਊਧਮ ਸਿੰਘ ਦੀ ਤਾਂ ਪੰਜਾਬ ਦੇ ਸੂਰਮਿਆਂ ਵਿਚ ਸ਼ਹੀਦ ਊਧਮ ਸਿੰਘ ਉਰਫ ਰਾਮ ਮੁਹੰਮਦ ਸਿੰਘ ਆਜ਼ਾਦ ਇੱਕ ਅਜਿਹਾ ਨਾਮ ਜੋ ਅਸਮਾਨ ਦੀ ਹਿੱਕ ਤੇ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਗੱਲ ਕਰਦੇ ਹਾਂ ਪੰਜਾਬ ਦੇ ਅਜਿਹੇ ਬੱਬਰ ਸ਼ੇਰ ਦੀ ਜਿਸ ਦੀ ਦਹਾੜ ਨਾਲ ਇਕ ਸਮੇਂ ਲੰਡਨ ਕੰਬ ਗਿਆ ਸੀ । ਇਸ ਸੂਰਮੇ ਦਾ ਨਾਮ ਸੀ ਸ਼ੇਰ ਸਿੰਘ , ਕਹਿੰਦੇ ਹਨ ਕਿ ਊਧਮ ਸਿੰਘ ਨੇ ਬਚਪਨ ਵਿਚ ਆਪਣੇ ਭਰਾ ਦੀ ਰੱਖਿਆ ਕਰਦਿਆਂ ਸ਼ੇਰ ਨੂੰ ਮਾਰ ਮੁਕਾਇਆ ਸੀ ਜਿਸ ਕਰਕੇ ਊਧਮ ਸਿੰਘ ਨੂੰ ਬਚਪਨ ਵਿਚ ਸ਼ੇਰ ਸਿੰਘ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਊਧਮ ਸਿੰਘ ਦਾ ਜਨਮ ਸੰਗਰੂਰ ਦੇ ਕਸਬੇ ਸੁਨਾਮ ਵਿਚ ਹੋਇਆ । ਸ਼ੇਰ ਸਿੰਘ ਉਰਫ ਊਧਮ ਸਿੰਘ ਦੇ ਪਿਤਾ ਦਾ ਨਾਮ ਸਰਦਾਰ ਟਹਿਲ ਸਿੰਘ ਜੰਮੂ ਤੇ ਮਾਤਾ ਦਾ ਨਾਮ ਹਰਨਾਮ ਕੌਰ ਸੀ ਊਧਮ ਸਿੰਘ ਦਾ ਇੱਕ ਵੱਡਾ ਭਰਾ ਮੁਕਤਾ ਸਿੰਘ ਸੀ। ਊਧਮ ਸਿੰਘ ਦਾ ਪਿਤਾ ਸਰਦਾਰ ਟਹਿਲ ਸਿੰਘ ਜੰਮੂ ਅੱਤ ਗਰੀਬ ਪਰਿਵਾਰ ਵਿਚੋਂ ਸੀ ਤੇ ਉਹ ਗੋਰੀ ਹਕੂਮਤ ਦੇ ਰਾਜ ਵਿਚ ਰੇਲਵੇ ਵਿਭਾਗ ਵਿੱਚ ਫਾਟਕ ਤੇ ਕੰਮ ਕਰਦਾ ਸੀ।ਬਚਪਨ ਵਿੱਚ ਊਧਮ ਸਿੰਘ ਦੀ ਮਾਤਾ ਹਰਨਾਮ ਕੌਰ ਦਾ ਦਿਹਾਂਤ ਹੋ ਗਿਆ। ਟਹਿਲ ਸਿੰਘ ਆਪਣੇ ਦੋਨਾਂ ਪੁੱਤਰਾਂ ਨਾਲ ਅੰਮ੍ਰਿਤਸਰ ਆਪਣੇ ਭਰਾ ਚੰਚਲ ਸਿੰਘ ਕੋਲ ਆ ਗਿਆ। ਚੰਚਲ ਸਿੰਘ ਕੋਲ ਆਇਆ ਨੂੰ ਅਜੇ ਥੋੜਾ ਸਮਾਂ ਹੋਇਆ ਸੀ ਕਿ ਊਧਮ ਸਿੰਘ ਦੇ ਪਿਤਾ ਟਹਿਲ ਸਿੰਘ ਦਾ ਵੀ ਦਿਹਾਂਤ ਹੋ ਗਿਆ ਤੇ ਸ਼ੇਰ ਸਿੰਘ (ਊਧਮ ਸਿੰਘ) ਅਤੇ ਮੁਕਤਾ ਸਿੰਘ ਅਨਾਥ ਹੋ ਗਏ। ਚੰਚਲ ਸਿੰਘ ਦਾ ਆਪਣਾ ਪਰਿਵਾਰ ਵੀ ਸੀ ਤੇ ਘਰ ਦੀ ਮਾਲੀ ਹਲਾਤ ਵੀ ਪਤਲੀ ਸੀ ਚੰਚਲ ਸਿੰਘ ਨੇ ਆਪਣੇ ਭਤੀਜਿਆਂ ਨੂੰ ਅੰਮ੍ਰਿਤਸਰ ਦੇ ਚੀਫ ਖਾਲਸਾ ਦੀਵਾਨ ਹਾਲ ਵਿਚ ਸਰਦਾਰ ਕਿਸ਼ਨ ਸਿੰਘ ਪਾਸ਼ ਪੜਨ ਲਈ ਭਰਤੀ ਕਰਵਾ ਦਿੱਤਾ ਇਥੇ ਮਾਸਟਰ ਕਿਸ਼ਨ ਸਿੰਘ ਨੇ ਹੀ ਸ਼ੇਰ ਸਿੰਘ ਦਾ ਨਾਮ ਊਧਮ ਸਿੰਘ ਰੱਖਿਆ ਸੀ ਅਤੇ ਊਧਮ ਸਿੰਘ ਦੇ ਭਰਾ ਮੁਕਤਾ ਸਿੰਘ ਦਾ ਨਾਮ ਸਾਧੂ ਸਿੰਘ। ਊਧਮ ਸਿੰਘ ਅਜੇ ਪੜ੍ਹ ਹੀ ਰਿਹਾ ਸੀ ਕਿ ਉਸਦਾ ਭਰਾ ਸਾਧੂ ਸਿੰਘ ਪਰਲੋਕ ਸੁਧਾਰ ਗਿਆ। ਊਧਮ ਸਿੰਘ ਯਤੀਮ ਹੋ ਗਿਆ ਤੇ ਉਸਨੇ ਦਸਵੀਂ ਕਰਨ ਤੋਂ ਬਾਅਦ ਪੜਾਈ ਛੱਡ ਦਿਤੀ।ਅੰਮ੍ਰਿਤਸਰ ਸ਼ਹਿਰ ਵਿੱਚ ਡਾਕਟਰ ਸਤਪਾਲ ਤੇ ਡਾਕਟਰ ਸੈਫੂਦੀਨ ਕਿਚਲੂ ਦੀ ਅਗਵਾਈ ਹੇਠ ਅੰਗਰੇਜੀ ਸਾਮਰਾਜ ਦੇ ਕਾਲੇ ਕਨੂੰਨ ਨੂੰ ਲੈ ਕੇ ਅੰਦੋਲਨ ਹੋਇਆ ਅੰਗਰੇਜ਼ੀ ਸਰਕਾਰ ਵੱਲੋਂ ਭਾਰਤ ਮਾਂ ਦੇ ਇਨਾਂ ਦੋਨਾਂ ਲਾਲਾਂ ਨੂੰ ਗਿਰਫ਼ਤਾਰ ਕਰ ਲਿਆ ਗਿਆ । ਅਪ੍ਰੈਲ 1919 ਨੂੰ ਪੰਜਾਬ ਦੇ ਗਵਰਨਰ ਸਰ ਮਾਈਕਲ ਉਡਵਾਇਰ ਨੇ ਬ੍ਰਗੇਡੀਅਰ ਰਿਜ਼ਨਲ ਹੈਰੀ ਡਾਇਰ ਦੀ ਕਮਾਂਡ ਹੇਠ ਅੰਮ੍ਰਿਤਸਰ ਫੌਜ ਦੇ ਹਵਾਲੇ ਕਰ ਦਿੱਤਾ। ਅਤੇ ਅੰਮ੍ਰਿਤਸਰ ਵਿੱਚ ਧਾਰਾ 44 ਲਗਾ ਦਿੱਤੀ। ਇਸ ਦੇ ਬਾਵਜੂਦ ਅੰਮ੍ਰਿਤਸਰ ਜਲਿਆਂ ਵਾਲਾ ਬਾਗ ਵਿਚ ਲੋਕਾਂ ਵੱਲੋਂ ਇੱਕ ਭਾਰੀ ਜਲਸਾ ਕੀਤਾ ਗਿਆ। ਜਿਸ ਤੇ ਡਾਇਰ ਵੱਲੋਂ ਸਖ਼ਤੀ ਵਰਤਦੇ ਹੋਏ ਸਾਂਤ ਮਈ ਢੰਗ ਨਾਲ ਅੰਦੋਲਨ ਕਰ ਰਹੇ ਲੋਕਾਂ ਤੇ ਅੰਧਾਧੁੰਦ ਗੋਲੀਆਂ ਦਾ ਮੀਂਹ ਦਿੱਤਾ। ਜਲਿਆਂ ਵਾਲਾ ਬਾਗ਼ ਦਾ ਇਕੋ ਇੱਕ ਰਸਤਾ ਸੀ ਜੋ ਅੰਗਰੇਜ਼ ਪੁਲਿਸ ਵੱਲੋਂ ਰੋਕਿਆ ਹੋਇਆ ਸੀ। ਲੋਕਾਂ ਵੱਲੋਂ ਜਾਨ ਬਚਾਉਣ ਲਈ ਹਫ਼ੜਾ ਦਫੜੀ ਮਚ ਗਈ। ਵਰਦੀਆਂ ਗੋਲੀਆਂ ਵਿਚ ਜਾਨ ਬਚਾਉਣ ਲਈ ਲੋਕਾਂ ਨੇ ਜ਼ਿਲਿਆਂ ਵਾਲੇ ਬਾਗ ਦੇ ਖੂਹ ਵਿੱਚ ਛਾਲਾਂ ਮਾਰੀਆਂ ਖੂਹ ਲਾਸ਼ਾਂ ਨਾਲ ਭਰ ਗਿਆ ਅੰਗਰੇਜ਼ ਹਕੂਮਤ ਵੱਲੋਂ ਅਸਲਾ ਖਤਮ ਹੋਣ ਤੱਕ ਫਾਇਰਿੰਗ ਜਾਰੀ ਰਹੀ। ਇਸ ਗੋਲੀਬਾਰੀ ਵਿਚ ਹਜ਼ਾਰਾਂ ਲੋਕ ਸ਼ਹਾਦਤ ਦਾ ਜਾਮ ਪੀ ਗਏ ਅਤੇ ਸੈਂਕੜੇ ਜ਼ਖ਼ਮੀ ਹੋਏ। ਇਸ ਮੌਕੇ ਊਧਮ ਸਿੰਘ ਜਲਿਆਂ ਵਾਲਾ ਬਾਗ ਵਿਚ ਲੋਕਾਂ ਨੂੰ ਪਾਣੀ ਪਿਲਾਉਣ ਦੀ ਲੱਗੀ ਡਿਊਟੀ ਨਿਭਾ ਰਿਹਾ ਸੀ। ਗੋਰੀ ਸਰਕਾਰ ਦਾ ਜ਼ੁਲਮ ਸੂਰਮੇ ਤੋਂ ਸਹਾਰਿਆ ਨਾ ਗਿਆ ਤੇ ਸੂਰਮੇ ਨੇ ਜਲਿਆਂਵਾਲਾ ਬਾਗ ਦੇ ਕਾਤਲਾਂ ਨੂੰ ਸੋਧਾ ਲਾਉਣ ਦੀ ਕਸਮ ਖਾਂਦੀ। ਇਸ ਘਟਨਾ ਦੇ ਸਾਜਸ਼ ਘਾੜੇ ਅਤੇ ਅੰਗਰੇਜ਼ੀ ਸਰਕਾਰ ਦੇ ਟੋਢੀ ਹੰਸ ਰਾਜ ਗਦਾਰ ਨੂੰ ਊਧਮ ਸਿੰਘ ਨੇ ਇਸੇ ਖੂਹ ਵਿਚ ਸੁੱਟ ਕੇ ਮੌਤ ਦੇ ਉਤਾਰ ਦਿੱਤਾ।ਇਸ ਘਟਨਾ ਨੇ ਊਧਮ ਸਿੰਘ ਦੇ ਦਿਲ ਤੇ ਗਹਿਰਾ ਜਖ਼ਮ ਕੀਤਾ। ਅਤੇ ਜਲਿਆਂ ਵਾਲਾ ਬਾਗ਼ ਦੇ ਖ਼ੂਨੀ ਕਾਂਡ ਦਾ ਬਦਲਾਂ ਲੈਣ ਦਾ ਪ੍ਰਣ ਕੀਤਾ। ਊਧਮ ਸਿੰਘ ਨੇ ਗ਼ਦਰ ਪਾਰਟੀ ਦੇ ਮਾਸਟਰ ਮੋਤਾ ਸਿੰਘ ਨਾਲ ਰਲਕੇ ਗਦਰ ਅਖਬਾਰ ਕਢਿਆ ਤੇ ਗਦਰ ਪਾਰਟੀ ਜੁਆਇੰਨ ਕੀਤੀ। ਉਹ ਅਕਸਰ ਆਖਦਾ ਮੋਤਾ ਸਿੰਘ ਜੀ ਜ਼ਿਲਿਆਂ ਵਾਲਾਂ ਬਾਗ਼ ਦੇ ਕਾਤਲਾਂ ਨੂੰ ਸਜ਼ਾ ਮੈਂ ਦਿਆਂਗਾ। ਇਸ ਦੌਰਾਨ ਊਧਮ ਸਿੰਘ ਨੇ ਅਫਰੀਕਾ ਅਮਰੀਕਾ, ਜਰਮਨ ਆਦਿ ਦੇਸ਼ਾਂ ਦਾ ਦੌਰਾ ਕੀਤਾ ਤੇ ਵਿਦੇਸ਼ਾਂ ਵਿਚ ਕ੍ਰਾਂਤੀ ਦੀ ਮਿਸਾਲ ਜਗਾਈ ਊਧਮ ਸਿੰਘ ਨੇ ਗ਼ਦਰ ਪਾਰਟੀ, ਹਿੰਦੋਸਤਾਨ ਸੋਸ਼ਲਿਸਟ ਪਾਰਟੀ, ਰਿਪਬਲਿਕਨ ਐਸੋਸੀਏਸ਼ਨ ਪਾਰਟੀ , ਇੰਡੀਅਨ ਵਰਕਰ ਤੋਂ ਇਲਾਵਾ ਵਿਦੇਸ਼ਾਂ ਵਿਚ ਹਰ ਮਜ਼ਦੂਰ ਵਰਕਰ ਲਈ ਕੰਮ ਕੀਤਾ ਚਾਹੇ ਉਹ ਦੇਸ਼ ਦਾ ਹੋਵੇ ਜਾਂ ਵਿਦੇਸ਼ ਦਾ ਉਹ ਹਰ ਮਜ਼ਦੂਰ ਦੇ ਨਾਲ ਸਨ ਅਤੇ ਗੋਰੀ ਹਕੂਮਤ ਦੇ ਤਾਨਾਸ਼ਾਹੀ ਰਵਈਏ ਦੇ ਖਿਲਾਫ । ਊਧਮ ਸਿੰਘ ਵਿਦੇਸ਼ ਵਿਚੋਂ ਸ਼ਹੀਦ ਭਗਤ ਸਿੰਘ, ਰਾਜ ਗੁਰੂ, ਸੁਖਦੇਵ, ਅਤੇ ਹੋਰ ਕ੍ਰਾਂਤੀਕਾਰੀਆਂ ਨੂੰ ਪੈਸਾ ਅਤੇ ਹਥਿਆਰ ਭੇਜਿਆ ਕਰਦੇ ਸਨ। ਤਾ ਕਿ ਅਜ਼ਾਦੀ ਦੀ ਜੰਗ ਜਾਰੀ ਰੱਖੀ ਜਾ ਸਕੇ। ਇਸੇ ਕੜੀ ਤਹਿਤ ਅਮਰੀਕਾ ਤੋਂ ਭਾਰਤ ਆਉਣ ਤੇ ਊਧਮ ਸਿੰਘ ਨੂੰ ਕ੍ਰਾਂਤੀਕਾਰੀਆਂ ਨੂੰ ਹਥਿਆਰ ਸਪਲਾਈ ਕਰਨ ਤੇ 4 ਸਾਲ ਦੀ ਸਜ਼ਾ ਵੀ ਸੁਣਾਈ ਗਈ ਸੀ ।ਇਸ ਦੌਰਾਨ ਭਾਰਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਗੋਰੀ ਸਰਕਾਰ ਵੱਲੋਂ ਫਾਂਸੀ ਦੇਣ ਦਾ ਮਨਹੂਸ ਸਮਾਚਾਰ ਊਧਮ ਸਿੰਘ ਨੂੰ ਜੇਲ੍ਹ ਵਿਚ ਹੀ ਮਿਲਿਆ ਸੀ। ਹੁਣ ਊਧਮ ਸਿੰਘ ਵੀ ਆਪਣੀ ਕਸਮ ਜਲਦ ਪੂਰੀ ਕਰਨਾ ਚਾਹੁੰਦਾ ਸੀ ਉਸ ਨੇ ਇਕ ਹੋਰ ਨਾਮ ਤੇ ਪਾਸ-ਪੋਰਟ ਬਣਾ ਕੇ ਇੰਗਲੈਂਡ ਨੂੰ ਚਾਲੇ ਪਾ ਦਿਤੇ ਇੰਗਲੈਂਡ ਪਹੁੰਚਣ ਤੇ ਉਸ ਦੀ ਮੁਲ-ਾਕਾਤ ਇਕ ਕ੍ਰਾਂਤੀਕਾਰੀ ਅੰਗਰੇਜ਼ ਔਰਤ ਜੋ ਆਇਰਲੈਂਡ ਦੀ ਵਸਨੀਕ ਸੀ ਤੇ ਜਿਸਦਾ ਨਾਮ ਰੋਜ ਪਾਮਾ ਸੀ ਨਾਲ ਹੋਈ। ਇਥੇ ਹੀ ਊਧਮ ਸਿੰਘ ਨੂੰ ਇਕ ਪੰਜਾਬੀ ਦੋਸਤ ਸ਼ਿਵ ਸਿੰਘ ਜੌਹਲ ਦੇ ਘਰ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਤੇ ਇਗਲੈਂਡ ਵਿਚ ਰਹਿੰਦਿਆਂ ਇੰਗਲੈਂਡ ਦੇ ਮਜ਼ਦੂਰਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ। ਇੱਕ ਦਿਨ ਊਧਮ ਸਿੰਘ ਨੂੰ ਪਤਾ ਲਗਾ ਕੇ ਪੰਜਾਬ ਦਾ ਸਾਬਕਾ ਗਵਰਨਰ ਸਰ ਮਾਈਕਲ ਓਡਵਾਇਰ ਕੈਕਸਟਨ ਹਾਲ ਲੰਡਨ ਵਿਖੇ ਭਾਸ਼ਨ ਦੇਣ ਆ ਰਿਹਾ ਹੈ ਤਾਂ ਸੂਰਮੇ ਨੇ ਪੂਰੀ ਤਿਆਰੀ ਕਰਦਿਆਂ ਇਕ ਮੋਟੀ ਕਿਤਾਬ ਨੂੰ ਵਿਚੋਂ ਕੱਟ ਕੇ ਉਸ ਵਿੱਚ ਪਸਤੌਲ ਲੁੱਕਾ ਲਿਆ ਤੇ ਇਕ ਲੰਮਾ ਕੋਟ ਤੇ ਹੈਟ ਪਾ ਕੇ ਕੈਕਸਟਨ ਹਾਲ ਵਿਚ ਪਹੁੰਚ ਗਿਆ।ਜਿਉਂ ਹੀ ਸਰ ਮਾਈਕਲ ਓਡਵਾਇਰ ਨੇ ਭਾਸ਼ਨ ਸ਼ੁਰੂ ਕੀਤਾ ਤਾਂ ਊਧਮ ਸਿੰਘ ਨੇ ਪਸਤੌਲ ਕੱਢਿਆ ਤੇ ਸਰ ਮਾਈਕਲ ਓਡਵਾਇਰ ਤੇ ਫਾਇਰਿੰਗ ਕਰ ਦਿੱਤੀ ਜਿਸ ਵਿੱਚ ਸਰ ਮਾਈਕਲ ਓਡਵਾਇਰ ਮੌਕੇ ਤੇ ਹੀ ਮਰ ਗਿਆ। ਊਧਮ ਸਿੰਘ ਨੇ ਭੱਜਣ ਦੀ ਬਜਾਏ ਗਿਰਫਤਾਰੀ ਦੇ ਦਿੱਤੀ ਤੇ ਇਗਲੈਂਡ ਵਿਚ ਊਧਮ ਸਿੰਘ ਦਾ ਕੇਸ ਚਲਿਆ ਜਿਸ ਵਿੱਚ ਊਧਮ ਸਿੰਘ ਨੇ ਕਿਹਾ ਮੈਂ ਜਲਿਆਂ ਵਾਲਾ ਬਾਗ ਦੇ ਨਿਹੱਥੇ ਲੋਕਾਂ ਦੇ ਕਾਤਲ ਨੂੰ ਮਾਰ ਕੇ ਬਦਲਾ ਲੈ ਲਿਆ ਹੈ। ਤੁਸੀਂ ਫਾਂਸੀ ਦੇ ਕੇ ਆਪਣਾ ਫਰਜ਼ ਨਿਭਾ ਦਿਓ ਮੈਨੂੰ ਕੋਈ ਅਫਸੋਸ ਨਹੀਂ ਹੈ।ਊਧਮ ਸਿੰਘ ਨੇ ਅਦਾਲਤ ਨੂੰ ਆਪਣਾ ਨਾਂ ਮੁਹੰਮਦ ਸਿੰਘ ਆਜ਼ਾਦ ਦੱਸਿਆ ਅੰਤ 31 ਜੁਲਾਈ 1940 ਨੂੰ ਸਵੇਰ ਦੇ 8:43 ਮਿੰਟ ਤੇ ਇੰਗਲੈਂਡ ਦੀ ਪੈਨਟਲਵਿਲਾ ਜੇਲ ਵਿੱਚ ਸ਼ਹੀਦ ਊਧਮ ਸਿੰਘ ਉਰਫ ਰਾਮ ਮੁਹੰਮਦ ਸਿੰਘ ਆਜ਼ਾਦ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਇਸ ਤਰਾਂ ਸੂਰਮੇ ਨੇ ਆਪਣਾ ਪ੍ਰਣ ਪੂਰਾ ਕਰਦਿਆ ਹੱਸਦੇ ਹੱਸਦੇ ਫਾਂਸੀ ਦਾ ਰੱਸਾ ਚੁੰਮਿਆ ਤੇ ਇਨਕਲਾਬ ਜ਼ਿੰਦਾਬਾਦ ਦੀ ਜੋਤ ਜਗਾ ਦਿਤੀ। ਹਰ ਸਾਲ 31 ਜੁਲਾਈ ਨੂੰ ਅਜ਼ਾਦੀ ਦੀ ਸਮਾਂ ਦੇ ਇਸ ਪ੍ਰਵਾਨੇ ਨੂੰ ਦੇਸ਼ ਵਿਦੇਸ਼ ਦੇ ਮਿਹਨਤਕਸ਼ ਲੋਕਾਂ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

**ਪੱਤਰਕਾਰ ਹਰਜਿੰਦਰ ਸਿੰਘ ਚੰਦੀ**
**ਮਹਿਤਪੁਰ 981460163**

# ਬਹੁਪੱਖੀ ਸ਼ਖ਼ਸੀਅਤ –ਬੇਦੀ ਲਾਲ ਸਿੰਘ ਸਾਹਿਤਕਾਰ

## 30 ਦਸੰਬਰ ਨੂੰ ਜਨਮ ਦਿਨ 'ਤੇ



ਬੇਦੀ ਲਾਲ ਸਿੰਘ ਸਾਹਿਤਕਾਰ ਪੰਜਾਬੀ ਦੀ ਜਾਣੀ ਪਛਾਣੀ ਸ਼ਖ਼ਸੀਅਤ ਸਨ । ਉਹਨਾਂ ਦਾ ਜਨਮ 30 ਦਸੰਬਰ 1912 ਈਸਵੀ ਨੂੰ ਪਿਤਾ ਸ੍ਰ: ਸ਼ੰਕਰ ਸਿੰਘ ਬੇਦੀ ਦੇ ਘਰ ਮਾਤਾ ਭਗਵਤੀ ਕੌਰ ਦੀ ਕੁੱਖ ਤੋਂ ਪਿੰਡ ਬੱਦੋਮਲੀ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ । ਬੇਦੀ ਲਾਲ ਸਿੰਘ ਨੂੰ ਘਰ ਵਿੱਚੋਂ ਹੀ ਗੁਰਬਾਣੀ, ਗੁਰਮਤਿ ਦੇ ਸੰਸਕਾਰ ਮਿਲੇ ਕਿਉਂਕਿ ਉਹਨਾਂ ਦੇ ਦਾਦਾ ਭਾਈ ਗੰਗਾ ਸਿੰਘ ਗੁਰਬਾਣੀ ਦੇ ਚੰਗੇ ਜਾਣਕਾਰ ਸਨ । ਉਹਨਾਂ ਗਿਆਨੀ, ਪ੍ਰਭਾਕਰ ਜਮਾਤਾਂ ਚੰਗੇ ਨੰਬਰ ਲੈ ਕੇ ਪਾਸ ਕੀਤੀਆਂ । ਉਹਨਾਂ ਦਾ ਵਿਆਹ 20 ਸਾਲ ਦੀ ਉਮਰ ਵਿੱਚ 1932 ਈਸਵੀ ਨੂੰ ਬੀਬੀ ਮਨਜੀਤ ਕੌਰ ਨਾਲ ਹੋਇਆ । ਆਪ ਦੇ ਪੰਜ ਪੁੱਤਰ ਦੋ ਲੜਕੀਆਂ ਸਨ। ਬੇਦੀ ਲਾਲ ਸਿੰਘ ਨਾਲ ਮੇਰੀ ਜਾਣ ਪਛਾਣ ਤਕਰੀਬਨ 35 36 ਸਾਲ ਪਹਿਲਾਂ ਹੋਈ ਸੀ, ਜਿਸ ਸਮੇਂ ਉਹ ਚੀਫ ਖਾਲਸਾ ਦੀਵਾਨ ਵੱਲੋਂ 'ਸ੍ਰੀ ਗੁਰੂ ਗ੍ਰੰਥ ਕੋਸ਼' ਦੀ ਸੁਧਾਈ ਕਰ ਰਹੇ ਸਨ । ਉਸ ਸਮੇਂ ਮੈਨੂੰ ਪਰੂਫ ਰੀਡਿੰਗ ਕਰਨ ਦਾ ਅਵਸਰ ਪ੍ਰਾਪਤ ਹੋਇਆ। ਉਹਨਾਂ ਦੱਸਿਆ ਸੀ ਕਿ 1954 ਵਿੱਚ ਅੰਮ੍ਰਿਤਸਰ ਪੁਤਲੀ ਘਰ ਚੌਕ ਵਿੱਚ ਪੰਜਾਬੀ ਦੀ ਇੱਕ ਵੱਡੀ ਕਾਨਫਰੰਸ ਹੋਈ, ਉਸ ਵਿੱਚ 25 ਉੱਚ ਕੋਟੀ ਦੇ ਸਾਇਰ ਸ਼ਾਮਿਲ ਹੋਏ । ਉਹਨਾਂ 25 ਕਵੀਆਂ ਦੇ ਨਾਂ ਡਾਕਟਰ ਪਿਆਰ ਸਿੰਘ ਨੇ ਚਾਰ ਬੰਦਾਂ ਦੀ ਇੱਕ ਮਾਲਾ ਵਿੱਚ ਪਰੋ ਕੇ ਸਰੋਤਿਆਂ ਦੇ ਸਾਹਮਣੇ ਪੇਸ਼ ਕੀਤੇ । ਉਸ ਕਵੀ ਦੇ ਪ੍ਰਧਾਨ ਨੂੰ ਜੋ ਕਿ ਇੱਕ ਉੱਘਾ ਸਾਹਿਤਕਾਰ ਸੀ ਇਹ ਬੰਦ ਬਹੁਤ ਪਸੰਦ ਆਇਆ ਤੇ ਉਸ ਮੈਨੂੰ (ਲਾਲ ਸਿੰਘ) ਭਰੀ ਸੰਗਤ ਵਿੱਚ ਸਾਹਿਤਕਾਰ ਹੁਣ ਦਾ ਲੱਕਬ ਦਿੱਤਾ ਤੇ ਆਪਣੇ ਨਾਂ ਨਾਲ ਸਾਹਿਤਕਾਰ ਲਿਖਿਆ ਕਰੋ । ਉਸ ਸਮੇਂ ਤੋਂ ਉਹਨਾਂ ਦੇ ਆਦੇਸ਼ ਦੀ ਪਾਲਣਾ ਕਰਦਾ ਹੋਇਆ ਆਪਣੇ ਨਾਂ ਨਾਲ 'ਸਾਹਿਤਕਾਰ' ਲਿਖਦੇ ਆ ਰਹੇ ਸਨ ।

ਬੇਦੀ ਲਾਲ ਸਿੰਘ ਬੜੇ ਖੁਸ਼ਮਿਜ਼ਾਜ ਤੇ ਹਸਮੁਖ ਸੁਭਾਅ ਦੇ ਸਨ । ਉਹਨਾਂ ਦੇ ਚਿਹਰੇ ਤੇ ਕਦੇ ਗੁੱਸਾ ਨਹੀਂ ਸੀ ਆਇਆ । ਉਹਨਾਂ ਆਪਣੀਆਂ ਲਿਖਤਾਂ ਰਚੇ ਸਾਹਿਤ, ਮਾਣ-ਸਨਮਾਨ ਨੂੰ ਤਰਤੀਬਵਾਰ ਘਰ ਵਿੱਚ ਰੱਖਿਆ ਹੋਇਆ ਸੀ । 1997 ਵਿੱਚ ਬੇਦੀ ਲਾਲ ਸਿੰਘ ਮੇਰੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਮੇਰੇ ਵੱਡੇ ਵੀਰ ਦੇ ਵਿਆਹ ਵਿੱਚ ਵੀ ਸ਼ਾਮਲ ਹੋਏ ਤੇ ਉਹਨਾਂ ਸੁਭਾਗ ਜੋੜੀ ਨੂੰ ਅਸ਼ੀਰਵਾਦ ਦਿੱਤਾ । ਉਹਨਾਂ ਦੀ ਤੰਦਰੁਸਤੀ ਦਾ ਰਾਜ਼ ਚੰਗੀ ਖੁਰਾਕ ਤੇ ਸਾਦਾ ਭੋਜਨ ਸੀ ।

ਬੇਦੀ ਲਾਲ ਸਿੰਘ ਨਿਰਗੁਣੀਆਰਾ, ਰਾਮਗੜ੍ਹੀਆ ਯੋਧਾ, ਰਾਮਗੜ੍ਹੀਆ ਬੀਰ, ਪੰਜਾਬੀ ਮੰਚ, ਮਾਣ-ਏ-ਪੰਜਾਬ, ਦਿਹਾਤ ਸੁਧਾਰ, ਕੌਮੀ ਸੇਵਾਦਾਰ, ਹਿੰਮਤ ਸਮਾਚਾਰ, ਫਿਲਮੀ ਬਹਾਰ, ਨੌਂ- ਨਿਹਾਲ, ਖ਼ਾਲਸਾ ਐਡਵੋਕੇਟ, ਪੰਜਾਬੀ ਵੀਰ, ਪੰਦਰਵਾੜਾ, ਸਰਬੱਤ ਦਾ ਦਾਸ, ਸੰਘਰਸ਼, ਜਨਤਾ ਆਗੂ ਮਾਸਿਕ ਪੱਤਰਾਂ ਦੇ ਸੰਪਾਦਕ ਰਹੇ । ਚੀਫ਼ ਖ਼ਾਲਸਾ ਦੀਵਾਨ ਵੱਲੋਂ ਪ੍ਰਕਾਸ਼ਿਤ ਮੈਗਜ਼ੀਨ "ਖਾਲਸਾ ਐਡਵੋਕੇਟ" ਤੇ "ਨਿਰਗੁਣੀਆਰਾ" ਪਰਚੇ (ਅਖ਼ਬਾਰ) ਦੀ ਸੰਪਾਦਨਾ ਬੇਦੀ ਲਾਲ ਸਿੰਘ ਨੇ ਲਗਾਤਾਰ 25 ਸਾਲ ਕੀਤੀ।

ਬੇਦੀ ਲਾਲ ਸਿੰਘ ਨੂੰ ਉਰਦੂ, ਫਾਰਸੀ, ਅੰਗਰੇਜ਼ੀ, ਅਰਬੀ, ਸੰਸਕ੍ਰਿਤ, ਹਿੰਦੀ ਤੇ ਪੰਜਾਬੀ ਭਾਸ਼ਾਵਾਂ ਦਾ ਗਿਆਨ ਸੀ । ਉਹਨਾਂ ਸਿੱਖ ਇਤਿਹਾਸ, ਜੀਵਨੀ ਸਾਹਿਤ, ਸਫਰਨਾਮੇ, ਨਿਬੰਧ ਕਲਾ, ਨਿਬੰਧ ਰਚਨਾ, ਸਾਹਿਤ ਵਿਧਾਵਾਂ, ਧਰਮ, ਫ਼ਲਸਫ਼ਾ, ਸਮਾਜ ਸ਼ਾਸਤਰ, ਨੈਤਿਕ ਵਿਗਿਆਨ ਆਦਿ ਸਾਹਿਤ ਸਿਰਜਨਾ ਕੀਤੀ ।

ਉਹਨਾਂ ਸਿੱਖ ਇਤਿਹਾਸ, ਸਿੱਖ ਧਰਮ, ਸਿੱਖ ਪਰੰਪਰਾ, ਪੰਜਾਬ ਦੇ ਸਮਕਾਲੀਨ ਹਾਲਾਤ ਸੰਬੰਧੀ, ਘਰ, ਪਰਿਵਾਰ, ਸੰਤਾਨ, ਸਮਾਜ ਸੱਭਿਆਚਾਰ, ਪੁਰਾਣੀਆਂ ਰਵਾਇਤੀ ਕੀਮਤਾਂ, ਮੋਹ, ਪਿਆਰ, ਛੋਟੇ ਵੱਡੇ ਦਾ ਲਿਹਾਜ਼ , ਆਪਣੀਆਂ ਕਰੂੰਬਲਾਂ ਬਚਾਓ, ਤਲਾਕ ਕਿਉਂ ?, ਕੀ ਦਹੇਜ ਬੋਝ ਨਹੀਂ, ਧਰਤੀ ਕਿੱਥੇ ਤੇ ਕਿਵੇਂ ਖੜੀ ਹੈ, ਸਮੁੰਦਰ ਦਾ ਜਨਮ ਕਿਵੇਂ ਹੋਇਆ, ਸੂਰਜ ਦੀਆਂ ਕਿਰਨਾਂ ਕੁਦਰਤੀ ਇਲਾਜ, ਸਾਵਣ ਵਾਜਾਂ ਮਾਰੇ, ਹੀਰੇ ਪੰਨੇ ਦੀ ਕਹਾਣੀ, ਕਾਮਯੁਗ ਸੰਤਾਨ ਸੰਜਮ ਦਾ ਦੇਸ਼, ਕਸ਼ਮੀਰ ਦਾ ਇਤਿਹਾਸ, ਕੁਤਬ ਮੀਨਾਰ ਕਿ ਵਿਸ਼ਨੂੰ ਧਵੱਜ, ਕੁਤਬ ਮੀਨਾਰ ਦੀ ਪੁਰਾਤਨ ਕਾਲ ਦੀ ਨਛੱਤਰ ਸ਼ਾਲਾ, ਗਿਆਰ੍ਹਵੀਂ ਸਦੀ ਦੀ ਸ਼ਿਲਪ ਕਲਾ ਤੇ ਖ਼ੁਦਾਈ ਦਾ ਅਦੁੱਤੀ ਖਜ਼ਾਨਾ ਮਾਊਂਟ ਆਬੂ, ਸੁੰਦਰ ਕਲਾਵਾਂ ਦਾ ਖ਼ਜ਼ਾਨਾ ਜੋਧਪੁਰ, ਪੁਰਾਤਨ ਕਲਾ ਉਸਾਰੀ ਦੀ ਅਦਭੁਤ ਤਕਨੀਕ ਚਿਤੌੜਗੜ੍ਹ, ਅਜਮੇਰ ਬ੍ਰਹਮਪੁਰੀ, ਚੰਡੀਗੜ੍ਹ ਦਾ ਪਿਛੋਕੜ, ਪੱਠੇ ਵਿੰਡ ਗੁਰੂ ਨਾਨਕ ਦੇਵ ਜੀ ਦਾ ਜੱਦੀ ਪਿੰਡ, ਭੈਰੋਂ ਜੀ ਦਾ ਤੰਤਰਕ ਮੱਠ, ਵਿਆਹ, ਨਾਸ਼ਕ ਦੀ ਮਹਾਨਤਾ ਕਿਉਂ, ਸਰਹੰਦ, ਨਹੀ ਤੁਧੁ ਜੇਹਿਆ, ਨਦੀ ਗੁਦਾਵਰੀ, ਅਖਾੜਿਆਂ ਦੀ ਪਰੰਪਰਾ ਕਿਉਂ ਪਈ, ਸਿੱਖਾਂ ਦੀ ਕਰਬਲਾ ਚਮਕੌਰ ਸਾਹਿਬ, ਕਲਾ ਦਾ ਅਦੁੱਤੀ ਮੰਦਰ ਚਿੰਦਾਬਰਮ, ਵੇਦ ਰਚਨਾ ਕਦੋਂ ਤੇ ਕਿਵੇਂ ਹੋਈ, ਤਬਲੇ ਦੇ ਕਾਢੂ ਭਾਰਤੀ ਹਾਤਮਤਾਈ, ਅਮੀਰ ਖੁਸਰੋ, ਇਤਿਹਾਸ ਦੇ ਸ਼ੀਸ਼ੇ 'ਚ ਅਨਾਰਕਲੀ, ਛਤਰੀ ਦੀ ਕਾਢ ਕਦੋਂ ਹੋਈ, ਮਾਲਾ ਦਾ ਵਿਗਿਆਨਿਕ ਇਤਿਹਾਸ, ਘੜੀ ਦੀ ਕਹਾਣੀ, ਰੱਖੜੀ ਦਾ ਇਤਿਹਾਸ, ਜਦੋਂ ਆਗਰੇ ਦੇ ਕਿਲ੍ਹੇ ਤੇ ਤਿਰੰਗਾ ਲਹਿਰਾਇਆ, 15 ਅਗਸਤ ਦਾ ਇਤਿਹਾਸ, ਹੜਤਾਲ ਕਿਉਂ, ਕਵੀ ਦੀ ਮਹਾਨਤਾ, ਸੋਹਣ ਸਿੰਘ ਮੀਸਾ ਕੀ ਸੀ, ਈਦੁਲ ਜੁਹਾ ਤੇ ਹੱਜ ਕਿਉਂ, ਕਿਰਤੀ ਤੇ ਕਾਰਖਾਨੇਦਾਰਾਂ ਨੂੰ ਕਿਲਿਆਂ, ਮੰਦਰਾਂ, ਰੇਗਿਸਤਾਨਾਂ, ਝਰਨਿਆਂ, ਨਹਿਰਾਂ, ਪਹਾੜਾਂ ਆਦਿ

ਜ਼ਫ਼ਰਨਾਮਾ, ਚੰਨ ਮੁਖੀ, ਫਿਲਮੀ ਕਲਾ, ਦੁਸ਼ਟ ਦਮਨ, ਦਸਮੇਸ਼ ਸੰਦੇਸ਼, ਅਦੁੱਤੀ ਯੋਧਾ, ਸਰਬੰਸਦਾਨੀ, ਸੰਤ ਸਿਪਾਹੀ, ਦੇਸ਼ ਭਗਤ, ਅੰਮ੍ਰਿਤ ਦਾਤੇ, ਅਕਲ ਚਤੁਰਾਈ, ਜੀਵਨ ਕੀ ਹੈ, ਨਹਿਰੂ ਅੰਕੜਿਆਂ ਵਿੱਚ, ਲੋਕ ਲਹਿਰਾਂ, ਜਿਊਂਣ ਦਾ ਵੱਲ, ਛੇਹਰਟਾ ਸਾਹਿਬ, ਗੁਰੂ ਤੇਗ਼ ਬਹਾਦਰ ਜੀ, ਬਾਬਾ ਰਾਮ ਸਿੰਘ ਜੀ ਬੇਦੀ, ਸ੍ਰੀ ਗੁਰੂ ਗ੍ਰੰਥ ਕੋਸ਼, ਭਾਈ ਵੀਰ ਸਿੰਘ ਪਦਮ ਭੂਸ਼ਨ, ਗੁਰੂ ਅਮਰਦਾਸ (ਜੀਵਨੀ), ਦਸ ਤੇ ਤੇਤੀ ਸਵੱਈਏ ਅਤੇ ਚੌਪਈ ਸਟੀਕ, ਸਲੋਕ ਸਹਸਕ੍ਰਿਤੀ, ਪੋਥੀ ਪਰਮੇਸਰ ਕਾ ਥਾਨ, ਅਕਾਲ ਉਸਤਤ, ਮਾਰੂ ਵਾਰ ਤੇ ਡਖਣੇ, ਜਾਪੁ ਸਾਹਿਬ, ਅਦੁੱਤੀ ਸ਼ਹੀਦ ਗੁਰੂ ਅਰਜਨ ਦੇਵ ਜੀ, ਗੁਰੂ ਅਰਜਨ ਦੇਵ ਜੀ ਦੀ ਅਮਰ ਰਚਨਾ, ਗੁਰੂ ਤੇਗ ਬਹਾਦਰ ਜੀ ਦਾ ਜੀਵਨ ਸੰਵਾਦ, ਭਾਰਤ ਦਰਸ਼ਨ ਆਦਿ ਪੁਸਤਕਾਂ, ਲੇਖਾਂ, ਟ੍ਰੈਕਟ, ਫੋਲਡਰ ਦੀ ਰਚਨਾ ਕੀਤੀ।

ਭਾਰਤ ਦਰਸ਼ਨ ਪੁਸਤਕ ਬੇਦੀ ਲਾਲ ਸਿੰਘ ਦੀ ਕਾਫ਼ੀ ਪ੍ਰਸਿੱਧ ਹੋਈ ਜਿਸ ਵਿੱਚ ਵੱਖ-ਵੱਖ ਸ਼ਹਿਰਾਂ, ਇਮਾਰਤਾਂ, ਸੱਭਿਆਚਾਰ, ਨਾਵਾਂ-ਥਾਵਾਂ ਦੀ ਵਿਉਂਤਬੰਦੀ ਦਾ ਜ਼ਿਕਰ ਹੈ ।

ਬੇਦੀ ਲਾਲ ਸਿੰਘ ਦੀਆਂ ਲਿਖਤਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਐਮ.ਏ. ਦੇ ਸਿਲੇਬਸ ਵਿੱਚ ਵੀ ਦਰਜ ਹਨ । ਬੇਦੀ ਲਾਲ ਸਿੰਘ ਉੱਘੇ ਸਾਹਿਤਕਾਰ ਸਨ । ਉਹਨਾਂ ਦੇ ਲੇਖ ਪੰਜਾਬੀ ਵਿੱਚ ਛਪਣ ਵਾਲੇ ਹਰ ਮੈਗਜ਼ੀਨ, ਅਖ਼ਬਾਰ ਵਿੱਚ ਛਪਦੇ ਰਹਿੰਦੇ ਸਨ । ਬੇਦੀ ਲਾਲ ਸਿੰਘ ਜੀ ਨੂੰ ਪੰਜਾਬੀ ਸੂਬੇ ਵੇਲੇ ਪਾਏ ਯੋਗਦਾਨ ਬਦਲੇ ਮੁੱਖ ਮੰਤਰੀ ਸ੍ਰ: ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਨਮਾਨਿਤ ਕੀਤਾ ਗਿਆ । ਉਹਨਾਂ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹੋ ਕੇ ਸਰਕਾਰ ਵੱਲੋਂ ਰਾਜ-ਪੱਧਰੀ ਤੇ ਅੰਤਰ-ਰਾਸ਼ਟਰੀ ਮਾਣ ਸਨਮਾਨ ਦੇ ਕੇ ਨਿਵਾਜਿਆ ਗਿਆ । ਬੇਦੀ ਲਾਲ ਸਿੰਘ ਜੀ ਨੂੰ ਹੋਰ ਵੀ ਬਹੁਤ ਮਾਣ-ਸਨਮਾਨ ਪ੍ਰਾਪਤ ਹੋਏ । ਉਹਨਾਂ ਸਿੱਖਿਆ ਵਿਭਾਗ ਵਿੱਚ ਸੇਵਾ ਮੁਕਤੀ ਤੋਂ ਬਾਅਦ ਹਰ ਵਿਸ਼ੇ ਤੇ ਕਲਮ ਅਜ਼ਮਾਈ । ਬੇਦੀ ਲਾਲ ਸਿੰਘ ਸਾਹਿਤਕਾਰ 88 ਸਾਲ ਦੀ ਉਮਰ ਬਤੀਤ ਕਰਕੇ 1 ਮਈ 2021 ਈ: ਨੂੰ ਅਕਾਲ ਚਲਾਣਾ ਕਰ ਗਏ । ਸਿੱਖ ਇਤਿਹਾਸ ਤੇ ਸਿੱਖ ਸਾਹਿਤਕਾਰ ਵਜੋਂ ਉਹਨਾਂ ਦਾ ਨਾਂ ਧਰੂ ਤਾਰੇ ਵਾਂਗ ਚਮਕਦਾ ਰਹੇਗਾ । ਉਹਨਾਂ ਦੀਆਂ ਰਚਨਾਵਾਂ, ਪੁਸਤਕਾਂ ਤੋਂ ਆਉਣ ਵਾਲੀ ਪੀੜ੍ਹੀ ਨੂੰ ਸੇਧ ਮਿਲਦੀ ਰਹੇਗੀ ।

**ਕਰਨੈਲ ਸਿੰਘ ਐੱਮ.ਏ.**
**# 1138/63-ਏ, ਗੁਰੂ ਤੇਗ ਬਹਾਦਰ ਨਗਰ,**
**ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ।**
**Emial :-**
**karnialiSnghma@gmial.com**

# 'ਸਕਰੀਨਾਂ ਵਿਚਕਾਰ ਸਿਮਟਦੇ ਰਿਸ਼ਤੇ'

ਸੋਸ਼ਲ ਮੀਡੀਆ ਆਧੁਨਿਕ ਮਨੁੱਖ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਾ ਹੈ। ਇਸ ਨੇ ਸੰਚਾਰ ਦੇ ਰੂਪ ਬਦਲੇ ਹਨ, ਦੂਰੀਆਂ ਘਟਾਈਆਂ ਹਨ ਅਤੇ ਮਨੁੱਖ ਨੂੰ ਇੱਕ ਗਲੋਬਲ ਸਮਾਜ ਨਾਲ ਜੋੜਿਆ ਹੈ। ਪਰ ਜਦੋਂ ਇਸ ਦੀ ਵਰਤੋਂ ਹੱਦ ਤੋਂ ਵੱਧ ਹੋ ਜਾਵੇ, ਤਾਂ ਇਹ ਰਿਸ਼ਤਿਆਂ ਦੀ ਮਜ਼ਬੂਤੀ ਨਹੀਂ, ਸਗੋਂ ਉਨ੍ਹਾਂ ਦੀ ਨਾਜੁਕਤਾ ਨੂੰ ਬੇਨਕਾਬ ਕਰਨ ਲੱਗ ਪੈਂਦਾ ਹੈ। ਅਣਜਾਣੇ ਹੀ ਮਨੁੱਖ ਅਸਲ ਸੰਸਾਰ ਤੋਂ ਹਟ ਕੇ ਵਰਚੁਅਲ ਦੁਨੀਆ ਵਿੱਚ ਜੀਉਣ ਲੱਗ ਪੈਂਦਾ ਹੈ, ਜਿੱਥੇ ਸੰਪਰਕ ਤਾਂ ਹਨ ਪਰ ਸੰਵੇਦਨਾ ਘਟਦੀ ਜਾ ਰਹੀ ਹੈ।ਅੱਜ ਦਾ ਮਨੁੱਖ ਆਪਣੇ ਸਭ ਤੋਂ ਨਜ਼ਦੀਕੀ ਲੋਕਾਂ ਨਾਲ ਬੈਠ ਕੇ ਵੀ ਸਕਰੀਨ ਵਿੱਚ ਡੁੱਬਿਆ ਰਹਿੰਦਾ ਹੈ। ਗੱਲਾਂ ਛੋਟੀਆਂ ਹੋ ਗਈਆਂ ਹਨ, ਸੁਣਨ ਦੀ ਸਮਰੱਥਾ ਘਟ ਗਈ ਹੈ ਅਤੇ ਚੁੱਪ ਇੱਕ ਅਜਿਹੀ ਦੂਰੀ ਬਣ ਗਈ ਹੈ ਜੋ ਸ਼ਬਦਾਂ ਨਾਲ ਭਰੀ ਹੋਈ ਹੈ ਪਰ ਅਰਥਾਂ ਤੋਂ ਖਾਲੀ। ਇਸ ਤਰ੍ਹਾਂ ਰਿਸ਼ਤਿਆਂ ਵਿੱਚ ਸੰਚਾਰ ਦੀ ਥਾਂ ਪ੍ਰਤੀਕ੍ਰਿਆ ਆ ਜਾਂਦੀ ਹੈ ਅਤੇ ਸਮਝ ਦੀ ਥਾਂ ਅਨੁਮਾਨ। ਇਹ ਹਾਲਤ ਹੌਲੀ-ਹੌਲੀ ਭਾਵਨਾਤਮਕ ਵਿਛੋੜੇ ਨੂੰ ਜਨਮ ਦਿੰਦੀ ਹੈ।

ਸੋਸ਼ਲ ਮੀਡੀਆ ’ਤੇ ਦਿਖਾਈ ਜਾਂਦੀ ਚਮਕੀਲੀ ਜ਼ਿੰਦਗੀ ਮਨੁੱਖ ਨੂੰ ਆਪਣੀ ਹਕੀਕਤ ਨਾਲ ਅਸੰਤੁਸ਼ਟ ਕਰ ਦਿੰਦੀ ਹੈ। ਹੋਰਾਂ ਦੇ ਚੁਣੇ ਹੋਏ ਪਲ, ਸਜਾਈਆਂ ਹੋਈਆਂ ਮੁਸਕਾਨਾਂ ਅਤੇ ਮਸਨੂਈ ਸਫਲਤਾਵਾਂ ਆਪਣੀ ਜ਼ਿੰਦਗੀ ਨਾਲ ਬੇਮਤਲਬ ਤੁਲਨਾਵਾਂ ਪੈਦਾ ਕਰਦੀਆਂ ਹਨ। ਇਹ ਤੁਲਨਾ ਰਿਸ਼ਤਿਆਂ ਵਿੱਚ ਈਰਖਾ, ਅਸੰਤੋਖ ਅਤੇ ਅਣਕਹੇ ਦੋਸ਼ਾਂ ਨੂੰ ਜਨਮ ਦਿੰਦੀ ਹੈ, ਜਿਸ ਨਾਲ ਵਿਸ਼ਵਾਸ ਦੀ ਨੀਹ ਹਿੱਲਣ ਲੱਗਦੀ ਹੈ।ਵਿਸ਼ਵਾਸ ਦੀ ਕਮੀ ਰਿਸ਼ਤਿਆਂ ਲਈ ਸਭ ਤੋਂ ਵੱਡਾ ਸੰਕਟ ਹੈ। ਸੋਸ਼ਲ ਮੀਡੀਆ ਦੀ ਬੇਲਗਾਮ ਵਰਤੋਂ ਨਾਲ ਸ਼ੱਕ, ਨਿਗਰਾਨੀ ਅਤੇ ਅਸੁਰੱਖਿਆ ਵਧਦੀ ਹੈ। ਇੱਕ ਦੂਜੇ ਦੀ ਆਨਲਾਈਨ ਸਰਗਰਮੀ ’ਤੇ ਨਜ਼ਰ ਰੱਖਣ ਦੀ ਆਦਤ ਰਿਸ਼ਤਿਆਂ ਨੂੰ ਖੁੱਲ੍ਹਾ ਅਤੇ ਆਤਮਿਕ ਬਣਾਉਣ ਦੀ ਥਾਂ ਉਨ੍ਹਾਂ ਨੂੰ ਕੈਦਖਾਨਾ ਬਣਾ ਦਿੰਦੀ ਹੈ। ਇਸ ਦੌਰ ਵਿੱਚ ਪਿਆਰ ਅਹਿਸਾਸ ਨਹੀਂ, ਸਗੋਂ ਸਬੂਤ ਮੰਗਣ ਲੱਗ ਪੈਂਦਾ ਹੈ।ਵਰਚੁਅਲ ਸੰਸਾਰ ਦੇ ਲਾਈਕ, ਕਮੈਂਟ ਅਤੇ ਫ਼ੌਲੋਅਰ ਹਕੀਕਤੀ ਸਾਥ, ਸਹਾਰਾ ਅਤੇ ਸਮਰਪਣ ਦੀ ਥਾਂ ਨਹੀਂ ਲੈ ਸਕਦੇ। ਜਦੋਂ ਰਿਸ਼ਤਿਆਂ ਦਾ ਮਾਪ-ਤੋਲ ਡਿਜਿਟਲ ਪ੍ਰਤੀਕਾਂ ਨਾਲ ਹੋਣ ਲੱਗੇ, ਤਾਂ ਮਨੁੱਖੀ ਸੰਵੇਦਨਾ ਹਾਸ਼ੀਏ ’ਤੇ ਚਲੀ ਜਾਂਦੀ ਹੈ। ਇਸ ਨਾਲ ਪਰਿਵਾਰਕ, ਦੋਸਤੀ ਅਤੇ ਵਿਆਹੁਤਾ ਸੰਬੰਧ ਅੰਦਰੋਂ ਖੋਖਲੇ ਹੋਣ ਲੱਗਦੇ ਹਨ।

ਤੱਥ ਇਹ ਵੀ ਹੈ ਕਿ ਸੋਸ਼ਲ ਮੀਡੀਆ ਪੂਰੀ ਤਰ੍ਹਾਂ ਨਕਾਰਾਤਮਕ ਨਹੀਂ। ਸੰਤੁਲਿਤ ਅਤੇ ਸਮਝਦਾਰ ਵਰਤੋਂ ਨਾਲ ਇਹ ਦੂਰ ਬੈਠਿਆਂ ਨੂੰ ਨੇੜੇ ਲਿਆਇਆ ਜਾ ਸਕਦਾ ਹੈ, ਟੁੱਟੇ ਸੰਪਰਕਾਂ ਨੂੰ ਜੋੜਿਆ ਜਾ ਸਕਦਾ ਹੈ ਅਤੇ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਮੰਚ ਵੀ ਬਣਾਇਆ ਜਾ ਸਕਦਾ ਹੈ। ਮੁੱਦਾ ਸਾਧਨ ਦਾ ਨਹੀਂ, ਸਾਡੀ ਤਰਜੀਹ ਦਾ ਹੈ।

ਅਸਲ ਲੋੜ ਇਸ ਗੱਲ ਦੀ ਹੈ ਕਿ ਮਨੁੱਖ ਵਰਚੁਅਲ ਸੰਸਾਰ ਨੂੰ ਜੀਵਨ ਦਾ ਕੇਂਦਰ ਨਹੀਂ, ਸਿਰਫ਼ ਇੱਕ ਸਹਾਇਕ ਸਾਧਨ ਬਣਾਏ। ਰਿਸ਼ਤੇ ਸਮਾਂ, ਧਿਆਨ, ਸੱਚੀ ਮੌਜੂਦਗੀ ਅਤੇ ਸੰਵੇਦਨਸ਼ੀਲਤਾ ਮੰਗਦੇ ਹਨ,ਜੋ ਕਿਸੇ ਵੀ ਸਕਰੀਨ ਤੋਂ ਪਰ੍ਹੇ ਹਨ। ਜਦੋਂ ਮਨੁੱਖ ਮੋਬਾਈਲ ਹੱਥੋਂ ਰੱਖ ਕੇ ਸਾਹਮਣੇ ਬੈਠੇ ਮਨੁੱਖ ਨੂੰ ਦੇਖਣ ਲੱਗ ਪਏਗਾ, ਮੋਏ ਰਿਸ਼ਤੇ ਮੁੜ ਜੀਊਂਦੇ ਹੋ ਜਾਣਗੇ।



**ਕੁਲਵਿੰਦਰ ਚਾਵਲਾ**
**(ਪਟਿਆਲਾ)**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
X
@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com